Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition
Vol : 4 : # ਅੰਕ 288 | 06/04/2026 | www.samajweekly.com | samajweekly | @samajweekly | samajweekly

# ਜੇ ਸੱਤ ਅਪਰੈਲ ਤਕ STRIAT OF HORMUZ ਨਾ ਖੋਲ੍ਹਿਆ ਤਾਂ ਇਰਾਨ ਨੂੰ ਨਰਕ ਬਣਾ ਦੇਵਾਂਗੇ: ਟਰੰਪ

**ਅਮਰੀਕਾ।** ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਇਰਾਨ ਨੂੰ ਨਵੀਂ ਚਿਤਾਵਨੀ ਦਿੱਤੀ ਹੈ ਕਿ ਜੇਕਰ 'ਹੋਰ-ਮੁਜ਼ ਜਲ ਮਾਰਗ' ਦਾ ਰਸਤਾ ਮੁੜ ਨਾ ਖੋਲ੍ਹਿਆ ਗਿਆ ਤਾਂ ਅਮਰੀਕਾ ਮੰਗਲਵਾਰ ਨੂੰ ਇਰਾਨ 'ਤੇ ਵੱਡੀ ਫੌਜੀ ਕਾਰਵਾਈ ਕਰੇਗਾ। ਏਪੀ ਦੀ ਰਿਪੋਰਟ ਮੁਤਾਬਕ ਟਰੰਪ ਨੇ ਸਾਫ਼ ਤੌਰ 'ਤੇ ਕਿਹਾ ਹੈ ਕਿ ਤੇਲ ਦੀ ਸਪਲਾਈ ਲਈ ਬਹੁਤ ਜ਼ਰੂਰੀ ਇਸ ਰਸਤੇ ਨੂੰ ਬੰਦ ਰੱਖਣਾ ਕਿਸੇ ਵੀ ਕੀਮਤ 'ਤੇ ਬਰਦਾਸ਼ਤ ਨਹੀਂ ਹੋਵੇਗਾ। ਟਰੰਪ ਨੇ ਇਹ ਵੀ ਕਿਹਾ ਹੈ ਕਿ ਜੇਕਰ ਇਰਾਨ ਨੇ ਉਨ੍ਹਾਂ ਦੀ ਗੱਲ ਨਾ ਮੰਨੀ ਤਾਂ ਅਮਰੀਕੀ ਫੌਜ ਇਰਾਨ ਦੇ ਬਿਜਲੀ ਘਰਾਂ ਅਤੇ ਖਾਸ ਪੁਲਾਂ 'ਤੇ ਹਮਲੇ ਕਰੇਗੀ। ਪੱਛਮੀ ਏਸ਼ੀਆ ਵਿੱਚ ਜਾਰੀ ਜੰਗ ਕਾਰਨ ਤਣਾਅ ਲਗਾਤਾਰ ਵਧ ਰਿਹਾ ਹੈ। ਐਤਵਾਰ ਨੂੰ ਸੰਯੁਕਤ



ਅਰਬ ਅਮੀਰਾਤ ਦੇ ਪ੍ਰਮੁੱਖ ਪੈਟਰੋਕੈਮੀਕਲ ਪਲਾਂਟ 'ਤੇ ਹਮਲੇ ਤੋਂ ਬਾਅਦ ਉੱਥੇ ਉਤਪਾਦਨ ਪੂਰੀ ਤਰ੍ਹਾਂ ਠੱਪ ਹੋ ਗਿਆ ਹੈ।

ਉੱਧਰ ਦੱਖਣ-ਪੱਛਮੀ ਇਰਾਨ ਵਿੱਚ ਹੋਏ ਤਾਜ਼ਾ ਹਵਾਈ ਹਮਲਿਆਂ ਵਿੱਚ ਤਿੰਨ ਲੋਕਾਂ ਦੀ ਮੌਤ ਹੋ ਗਈ ਹੈ। ਇਹ ਹਮਲਾ ਉਸੇ ਇਲਾਕੇ ਵਿੱਚ ਹੋਇਆ ਹੈ ਜਿੱਥੇ ਇੱਕ ਅਮਰੀਕੀ ਚਾਲਕ ਦਲ ਦਾ ਮੈਂਬਰ ਲਾਪਤਾ ਦੱਸਿਆ ਜਾ ਰਿਹਾ ਹੈ। ਇਸ ਦੌਰਾਨ ਇਰਾਨੀ ਜਨਰਲ ਅਲੀ ਅਬਦੁੱਲਾਹੀ ਅਲੀਆਬਾਦੀ ਨੇ ਸਖ਼ਤ ਲਹਿਜੇ ਵਿੱਚ ਚਿਤਾਵਨੀ ਦਿੱਤੀ ਹੈ ਕਿ ਜੇਕਰ ਅਮਰੀਕਾ ਨੇ ਹਮਲੇ ਤੇਜ਼ ਕੀਤੇ, ਤਾਂ ਇਰਾਨ ਖੇਤਰ ਵਿੱਚ ਮੌਜੂਦ ਸਾਰੇ ਅਮਰੀਕੀ ਫੌਜੀ ਟਿਕਾਣਿਆਂ ਅਤੇ ਇਜ਼ਰਾਈਲ ਦੇ ਬੁਨਿਆਦੀ ਢਾਂਚੇ ਨੂੰ ਨਿਸ਼ਾਨਾ ਬਣਾਏਗਾ।

ਇਹ ਬਿਆਨ ਡੋਨਲਡ ਟਰੰਪ ਦੀ ਉਸ ਧਮਕੀ ਤੋਂ ਬਾਅਦ ਆਇਆ ਹੈ, ਜਿਸ ਵਿੱਚ ਉਨ੍ਹਾਂ ਨੇ ਇਰਾਨ ਨੂੰ 'ਹੋਰਮੁਜ਼ ਜਲਮਾਰਗ' ਖੋਲ੍ਹਣ ਲਈ 48 ਘੰਟਿਆਂ ਦਾ ਅਲਟੀਮੇਟਮ ਦਿੰਦੇ ਹੋਏ 'ਭਿਆਨਕ ਨਤੀਜੇ' ਭੁਗਤਣ ਲਈ ਤਿਆਰ ਰਹਿਣ ਨੂੰ ਕਿਹਾ ਸੀ।

ਜੰਗ ਦੀ ਮਾਰ ਹੁਣ ਵਿੱਦਿਅਕ ਅਤੇ ਧਾਰਮਿਕ ਅਦਾਰਿਆਂ 'ਤੇ ਵੀ ਪੈ ਰਹੀ ਹੈ। ਇਰਾਨੀ ਅਧਿਕਾਰੀਆਂ ਅਨੁਸਾਰ, ਜੰਗ ਸ਼ੁਰੂ ਹੋਣ ਤੋਂ ਹੁਣ ਤੱਕ 5 ਪ੍ਰੋਫੈਸਰ ਅਤੇ 60 ਵਿਦਿਆਰਥੀ ਮਾਰੇ ਜਾ ਚੁੱਕੇ ਹਨ। ਤਹਿਰਾਨ ਦੀ ਵੱਕਾਰੀ ਸ਼ਾਹਿਦ ਬੇਹੇਸ਼ਤੀ ਯੂਨੀਵਰਸਿਟੀ ਦੇ ਖੋਜ ਕੇਂਦਰ 'ਤੇ ਹੋਈ ਬੰਬਾਰੀ ਨੇ ਵਿਗਿਆਨਕ ਜਗਤ ਨੂੰ ਹਿਲਾ ਕੇ ਰੱਖ ਦਿੱਤਾ ਹੈ। ਇਸ ਤੋਂ ਇਲਾਵਾ, ਜ਼ੰਜਾਨ ਵਿੱਚ ਇੱਕ ਸਦੀਆਂ ਪੁਰਾਣੇ ਸ਼ੀਆ ਧਾਰਮਿਕ ਕੰਪਲੈਕਸ ਅਤੇ ਲਾਇਬਰੇਰੀ ਨੂੰ ਵੀ ਨਿਸ਼ਾਨਾ ਬਣਾਇਆ ਗਿਆ ਹੈ, ਜਿੱਥੇ 35,000 ਤੋਂ ਵੱਧ ਪੁਰਾਣੀਆਂ ਹੱਥ-ਲਿਖਤ ਕਿਤਾਬਾਂ ਮੌਜੂਦ ਸਨ। 28 ਫਰਵਰੀ ਤੋਂ ਜਾਰੀ ਇਸ ਖ਼ੂਨੀ ਜੰਗ ਨੇ ਨਾ ਸਿਰਫ ਹਜ਼ਾਰਾਂ ਜਾਨਾਂ ਲਈਆਂ ਹਨ, ਸਗੋਂ ਵਿਸ਼ਵ ਬਾਜ਼ਾਰ ਵਿੱਚ ਤੇਲ ਦੀਆਂ ਕੀਮਤਾਂ ਨੂੰ ਵੀ ਅੱਗ ਲਗਾ ਦਿੱਤੀ ਹੈ।

# IPL 2026: ROYAL CHALLENGERS BENGALURU ਨੇ CHENNIA SUPER KINGS ਨੂੰ 43 ਦੌੜਾਂ ਨਾਲ ਹਰਾਇਆ

ਬੰਗਲੁਰੂ। ਰੌਇਲ ਚੈਲੰਜਰਜ਼ ਬੰਗਲੁਰੂ ਨੇ ਆਪਣੇ ਘਰੇਲੂ ਮੈਦਾਨ ਚਿੰਨਾਸਵਾਮੀ ਸਟੇਡੀਅਮ ਵਿੱਚ IPL 2026 ਦਾ ਸਭ ਤੋਂ ਵੱਡਾ ਸਕੋਰ ਖੜ੍ਹਾ ਕੀਤਾ। ਐਤਵਾਰ ਨੂੰ ਚੇਨਈ ਸੁਪਰ ਕਿੰਗਜ਼ ਦੇ ਖਿਲਾਫ ਖੇਡਦਿਆਂ ਬੰਗਲੁਰੂ ਦੀ ਟੀਮ ਨੇ ਵੀਹ ਓਵਰਾਂ ਵਿਚ 3 ਵਿਕਟਾਂ ਦੇ ਨੁਕਸਾਨ 'ਤੇ 250 ਦੌੜਾਂ ਬਣਾਈਆਂ। ਇਸ ਦੇ ਜਵਾਬ ਵਿਚ ਚੇਨਈ ਦੀ ਟੀਮ 207 ਦੌੜਾਂ ਹੀ ਬਣਾ ਸਕੀ ਤੇ ਬੰਗਲੁਰੂ ਨੇ ਮੈਚ 43 ਦੌੜਾਂ ਨਾਲ ਜਿੱਤ ਲਿਆ। ਬੰਗਲੁਰੂ ਦੀ ਟੀਮ ਵੱਲੋਂ ਟਿਮ ਡੇਵਿਡ ਨੇ ਤੂਫ਼ਾਨੀ ਬੱਲੇਬਾਜ਼ੀ ਕਰਦਿਆਂ ਸਿਰਫ਼ 25 ਗੇਂਦਾਂ ਵਿੱਚ 8 ਛੱਕਿਆਂ ਦੀ ਮਦਦ ਨਾਲ 70 ਦੌੜਾਂ ਦੀ ਪਾਰੀ ਖੇਡੀ। ਇਸ ਤੋਂ ਇਲਾਵਾ ਕਪਤਾਨ ਰਜਤ ਨੇ 48 ਅਤੇ ਦੇਵਦੱਤ ਨੇ 50



ਦੌੜਾਂ ਦਾ ਅਹਿਮ ਯੋਗਦਾਨ ਪਾਇਆ।

ਜਵਾਬੀ ਪਾਰੀ ਵਿੱਚ ਚੇਨਈ ਸੁਪਰ ਕਿੰਗਜ਼ ਦੀ ਟੀਮ 17 ਓਵਰਾਂ ਬਾਅਦ 8 ਵਿਕਟਾਂ ਗੁਆ ਕੇ 180 ਦੌੜਾਂ ਹੀ ਬਣਾ ਸਕੀ ਸੀ। ਚੇਨਈ ਵੱਲੋਂ ਪ੍ਰਸ਼ਾਂਤ ਵੀਰ 43 ਦੌੜਾਂ ਬਣਾ ਕੇ ਭੁਵਨੇਸ਼ਵਰ ਕੁਮਾਰ ਦੀ ਗੇਂਦ 'ਤੇ ਕੈਚ ਆਊਟ ਹੋਏ। ਟੀਮ ਦੇ ਹੋਰ ਬੱਲੇਬਾਜ਼ਾਂ ਵਿੱਚੋਂ ਜੈਮੀ ਓਵਰਟਨ ਨੇ 37 ਅਤੇ ਸ਼ਿਵਮ ਦੂਬੇ ਨੇ 18 ਦੌੜਾਂ ਬਣਾਈਆਂ ਜਦਕਿ ਕਪਤਾਨ ਰਿਤੂਰਾਜ ਗਾਇਕਵਾੜ ਸਿਰਫ਼ 7 ਦੌੜਾਂ ਬਣਾ ਕੇ ਹੀ ਪੈਵੇਲੀਅਨ ਪਰਤ ਗਏ। ਬੰਗਲੁਰੂ ਦੀ ਗੇਂਦਬਾਜ਼ੀ ਵਿੱਚ ਜੈਕਬ ਡਫੀ ਅਤੇ ਕਰੁਣਾਲ ਪਾਂਡਿਆ ਨੇ 2-2 ਵਿਕਟਾਂ ਹਾਸਲ ਕੀਤੀਆਂ, ਜਦਕਿ ਭੁਵਨੇਸ਼ਵਰ ਨੇ ਤਿੰਨ ਵਿਕਟਾਂ ਹਾਸਲ ਕੀਤੀਆਂ।

# ਹੁਣ ਕੋਈ ਗ਼ਲਤੀ ਕੀਤੀ ਤਾਂ ਕੋਲਕਾਤਾ 'ਤੇ ਹਮਲੇ ਨਾਲ ਜਵਾਬ ਦੇਵੇਗਾ ਪਾਕਿ : ਰੱਖਿਆ ਮੰਤਰੀ ਆਸਿਫ

**ਲਾਹੌਰ।** ਪਾਕਿਸਤਾਨ ਦੇ ਰੱਖਿਆ ਮੰਤਰੀ ਖਵਾਜਾ ਆਸਿਫ਼ ਨੇ ਸ਼ਨਿਚਰਵਾਰ ਨੂੰ ਭਾਰਤ ਨੂੰ ਚੇਤਾਵਨੀ ਦਿਤੀ ਕਿ ਭਵਿੱਖ ਵਿਚ ਹੋਣ ਵਾਲੀ ਕਿਸੇ ਵੀ ਗਲਤੀ ਦਾ ਜਵਾਬ ਕੋਲਕਾਤਾ 'ਤੇ ਹਮਲੇ ਨਾਲ ਮਿਲੇਗਾ। ਲਾਹੌਰ ਤੋਂ ਲਗਭਗ 130 ਕਿਲੋਮੀਟਰ ਦੂਰ ਅਪਣੇ ਜੱਦੀ ਸ਼ਹਿਰ ਸਿਆਲਕੋਟ ਵਿਚ ਪੱਤਰਕਾਰਾਂ ਨਾਲ ਗੱਲ ਕਰਦੇ ਹੋਏ, ਆਸਿਫ ਨੇ ਕਿਹਾ, ''ਜੇਕਰ ਭਾਰਤ ਇਸ ਵਾਰ ਸਾਡੇ 'ਤੇ ਦੋਸ਼ ਲਗਾ ਕੇ (ਫ਼ੌਜੀ) ਕਾਰਵਾਈ ਕਰਨ ਦੀ ਕੋਸ਼ਿਸ਼ ਕਰਦਾ ਹੈ, ਤਾਂ ਅਸੀਂ ਕੋਲਕਾਤਾ ਨੂੰ ਵੀ ਨਿਸ਼ਾਨਾ ਬਣਾਵਾਂਗੇ।'' ਆਸਿਫ ਨੇ ਦਾਅਵਾ ਕੀਤਾ ਕਿ ਅਜਿਹੀਆਂ ਰਿਪੋਰਟਾਂ ਹਨ ਕਿ ਭਾਰਤ ਨੇ ਅਪਣੇ ਲੋਕਾਂ ਜਾਂ ਪਾਕਿਸਤਾਨੀਆਂ ਰਾਹੀਂ ਇਕ ਝੂਠੀ ਮੁਹਿੰਮ ਦੀ



ਯੋਜਨਾ ਬਣਾਈ ਹੈ, ਜਿਸ ਵਿਚ ਕੁਝ ਲਾਸ਼ਾਂ ਕਿਤੇ ਸੁੱਟ ਕੇ ਇਹ ਕਿਹਾ ਗਿਆ ਕਿ ''ਉਹ ਅਤਿਵਾਦੀ ਸਨ ਅਤੇ ਉਨ੍ਹਾਂ ਨੇ ਕੁੱਝ ਗ਼ਲਤ ਕੀਤਾ ਹੈ।'' ਹਾਲਾਂਕਿ, ਉਨ੍ਹਾਂ ਨੇ ਅਪਣੇ ਦਾਅਵੇ ਦਾ ਸਮਰਥਨ ਕਰਨ ਲਈ ਕੋਈ ਸਬੂਤ ਨਹੀਂ ਦਿਤਾ। ਵੀਰਵਾਰ ਨੂੰ ਆਸਿਫ ਨੇ ਕਿਹਾ ਸੀ ਕਿ ਕਿਸੇ ਵੀ ਹਮਲੇ ਦਾ ਪਾਕਿ-ਸਤਾਨ ਦਾ ਜਵਾਬ 'ਤੇਜ਼, ਚੰਗੀ ਤਰ੍ਹਾਂ ਯੋਜਨਾਬੱਧ ਅਤੇ ਫ਼ੈਸਲਾਕੁੰਨ' ਹੋਵੇਗਾ। ਆਸਿਫ਼ ਭਾਰਤੀ ਰੱਖਿਆ ਮੰਤਰੀ ਰਾਜਨਾਥ ਸਿੰਘ ਦੀਆਂ ਟਿੱਪਣੀਆਂ ਦਾ ਜਵਾਬ ਦੇ ਰਹੇ ਸਨ, ਜਿਨ੍ਹਾਂ ਨੇ ਪਹਿਲਾਂ ਕਿਹਾ ਸੀ ਕਿ ਮੌਜੂਦਾ ਸਥਿਤੀ ਵਿਚ ਭਾਰਤ ਦੇ ਗੁਆਂਢੀ ਵਲੋਂ ਕੀਤੀ ਗਈ ਕੋਈ ਵੀ 'ਹਰਕਤ' ਫ਼ੈਸਲਾਕੁੰਨ ਕਾਰਵਾਈ ਨੂੰ ਸੱਦਾ ਦੇਵੇਗੀ।

# ਹਿਮਾਚਲ ਪ੍ਰਦੇਸ਼ ਦੇ ਕੁੱਲੂ ਵਿਚ ਖੱਡ ਵਿੱਚ ਡਿੱਗੀ ਸਵਾਰੀਆਂ ਨਾਲ ਭਰੀ ਟੈਂਪੋ ਟਰੈਵਲਰ, 4 ਯਾਤਰੀਆਂ ਦੀ ਮੌਤ

**ਕੁੱਲੂ।** ਹਿਮਾਚਲ ਪ੍ਰਦੇਸ਼ ਦੇ ਕੁੱਲੂ ਜ਼ਿਲ੍ਹੇ ਵਿਚ ਬੀਤੀ ਰਾਤ ਲਗਭਗ 9 ਵਜੇ ਇੱਕ ਸੈਲਾਨੀ ਵਾਹਨ ਖੱਡ ਵਿੱਚ ਡਿੱਗ ਗਿਆ। ਇਸ ਹਾਦਸੇ ਵਿੱਚ ਚਾਰ ਲੋਕਾਂ ਦੀ ਮੌਤ ਹੋ ਗਈ, ਜਦੋਂ ਕਿ 17 ਹੋਰਾਂ ਨੂੰ ਬਚਾ ਲਿਆ ਗਿਆ। ਜ਼ਖ਼ਮੀਆਂ ਵਿੱਚੋਂ ਚਾਰ ਦੀ ਹਾਲਤ ਗੰਭੀਰ ਹੈ। ਸਾਰਿਆਂ ਦਾ ਬੰਜਾਰ ਹਸਪਤਾਲ ਵਿੱਚ ਇਲਾਜ ਚੱਲ ਰਿਹਾ ਹੈ। ਜ਼ਿਲ੍ਹਾ ਆਫ਼ਤ ਪ੍ਰਬੰਧਨ ਅਥਾਰਟੀ ਦੇ ਅਨੁਸਾਰ, ਟੈਂਪੋ ਟਰੈਵਲਰ ਵਿੱਚ ਦੋ ਬੱਚਿਆਂ ਸਮੇਤ 22 ਲੋਕ ਸਵਾਰ ਸਨ, ਜੋ ਚੰਡੀਗੜ੍ਹ, ਰਾਜਸਥਾਨ ਅਤੇ ਦਿੱਲੀ ਸਮੇਤ ਵੱਖ-ਵੱਖ ਰਾਜਾਂ ਤੋਂ ਸਨ। ਸ਼ੁਰੂਆਤੀ ਜਾਂਚ ਤੋਂ ਪਤਾ ਲੱਗਾ ਹੈ ਕਿ ਲਗਾਤਾਰ ਮੀਂਹ ਕਾਰਨ ਸੜਕ 'ਤੇ ਚਿੱਕੜ ਆ ਗਿਆ ਸੀ ਇਸ ਕਾਰਨ, ਵਾਹਨ ਕੰਟਰੋਲ ਗੁਆ ਬੈਠਾ ਅਤੇ ਖੱਡ ਵਿੱਚ ਡਿੱਗ ਗਿਆ।



ਪੁਲਿਸ, ਫਾਇਰ ਬ੍ਰਿਗੇਡ ਅਤੇ ਸਥਾਨਕ ਪ੍ਰਸ਼ਾਸਨ ਦੀਆਂ ਟੀਮਾਂ ਮੌਕੇ 'ਤੇ ਰਾਹਤ ਅਤੇ ਬਚਾਅ ਕਾਰਜਾਂ ਵਿੱਚ ਲੱਗੀਆਂ ਹੋਈਆਂ ਹਨ। ਫਿਲਹਾਲ ਜ਼ਖ਼ਮੀਆਂ ਦਾ ਹਸਪਤਾਲ ਵਿਚ ਇਲਾਜ ਚੱਲ ਰਿਹਾ ਹੈ।

# ਵਿਸ਼ੇਸ਼ ਸੁਧਾਈ ਰਿਵੀਜ਼ਨ ਲਈ ਪੰਜਾਬ ਪੂਰੀ ਤਰ੍ਹਾਂ ਤਿਆਰ: ਮੁੱਖ ਚੋਣ ਅਧਿਕਾਰੀ

**ਚੰਡੀਗੜ੍ਹ :** ਪੰਜਾਬ ਦੀ ਮੁੱਖ ਚੋਣ ਅਧਿਕਾਰੀ ਅਨਿੰਦਿਤਾ ਮਿੱਤਰਾ ਨੇ ਅੱਜ ਦੱਸਿਆ ਕਿ ਵੋਟਰ ਸੂਚੀਆਂ ਦੀ ਵਿਸ਼ੇਸ਼ ਸੁਧਾਈ ਰਿਵੀਜ਼ਨ (ਐਸ.ਆਈ.ਆਰ.) ਲਈ ਪੂਰੀ ਤਿਆਰੀ ਹੈ। ਉਨ੍ਹਾਂ ਦੱਸਿਆ ਕਿ ਭਾਰਤੀ ਚੋਣ ਕਮਿਸ਼ਨ ਦੁਆਰਾ ਐਸ.ਆਈ.ਆਰ. ਅਭਿਆਸ ਲਈ ਸ਼ਡਿਊਲ ਨੋਟੀਫਿਕੇਸ਼ਨ ਜਾਰੀ ਹੋਣ ਤੋਂ ਪਹਿਲਾਂ ਸਾਰੀਆਂ ਸ਼ੁਰੂਆਤੀ ਗਤੀਵਿਧੀਆਂ ਇੱਕ ਢਾਂਚਾਗਤ ਅਤੇ ਸਮਾਂਬੱਧ ਢੰਗ ਨਾਲ ਕੀਤੀਆਂ ਜਾ ਰਹੀਆਂ ਹਨ। ਹੁਣ ਤੱਕ ਦੀ ਪ੍ਰਗਤੀ ਬਾਰੇ ਉਨ੍ਹਾਂ ਨੇ ਦੱਸਿਆ ਕਿ ਸੂਬੇ ਦੇ ਸਾਰੇ ਜ਼ਿਲ੍ਹਿਆਂ ਵਿੱਚ ਇੱਕ ਵਿਆਪਕ ਪ੍ਰੀ-ਐਸ.ਆਈ.ਆਰ. ਮੈਪਿੰਗ ਅਭਿਆਸ ਕੀਤਾ ਗਿਆ ਹੈ। 4 ਅਪ੍ਰੈਲ ਨੂੰ ਸਵੇਰੇ 8:00 ਵਜੇ ਤੱਕ ਦੇ ਤਾਜ਼ਾ ਅੰਕੜਿਆਂ ਅਨੁਸਾਰ, ਪੰਜਾਬ ਵਿੱਚ 74.27 ਫ਼ੀਸਦ ਵੋਟਰਾਂ ਦੀ ਵਿਸ਼ੇਸ਼ ਸੁਧਾਈ ਰਿਵੀਜ਼ਨ ਰਿਕਾਰਡਾਂ ਨਾਲ ਮੈਪਿੰਗ ਕੀਤੀ



ਗਈ ਹੈ। ਕੁੱਲ 2,14,57,521 ਵੋਟਰਾਂ ਵਿੱਚੋਂ ਸੂਬੇ ਭਰ ਵਿੱਚ 1,59,36,941 ਵੋਟਰਾਂ ਦੀ ਮੈਪਿੰਗ ਕੀਤੀ ਜਾ ਚੁੱਕੀ ਹੈ। ਪ੍ਰੀ-ਐਸਆਈਆਰ ਦੇ ਅਭਿਆਸ ਨੂੰ ਸਮੇਂ ਸਿਰ ਅਤੇ ਸੁਚੱਜੇ ਢੰਗ ਨਾਲ ਮੁਕੰਮਲ ਕਰਨਾ ਯਕੀਨੀ ਬਣਾਉਣ ਲਈ, ਹੈੱਡਕੁਆਰਟਰ ਪੱਧਰ 'ਤੇ ਚੋਣ ਰਜਿਸਟ੍ਰੇਸ਼ਨ ਅਧਿਕਾਰੀਆਂ (ਈਆਰਓਜ਼) ਦੁਆਰਾ ਕੀਤੀ ਗਈ ਪ੍ਰਗਤੀ ਦੀ ਰੋਜ਼ਾਨਾ ਨਿਗਰਾਨੀ ਕੀਤੀ ਜਾ ਰਹੀ ਹੈ, ਜਿਸ ਨਾਲ ਨਜ਼ਦੀਕੀ ਨਿਗਰਾਨੀ ਅਤੇ ਮੁੱਦਿਆਂ ਦਾ ਤੁਰੰਤ ਹੱਲ ਸੰਭਵ ਹੋ ਸਕਿਆ ਹੈ। ਜ਼ਿਲ੍ਹਾ-ਵਾਰ ਵੇਰਵੇ ਦਿੰਦਿਆਂ ਮਿੱਤਰਾ ਨੇ ਕਿਹਾ ਕਿ ਤਰਨਤਾਰਨ (88.64 ਫ਼ੀਸਦ), ਮੋਗਾ (86.91 ਫ਼ੀਸਦ), ਸ੍ਰੀ ਮੁਕਤਸਰ ਸਾਹਿਬ (85.47 ਫ਼ੀਸਦ) ਅਤੇ ਮਾਨਸਾ (84.20 ਫ਼ੀਸਦ) ਵਰਗੇ ਜ਼ਿਲ੍ਹਿਆਂ ਵਿੱਚ ਸਭ ਤੋਂ ਵੱਧ ਮੈਪਿੰਗ ਫ਼ੀਸਦ ਦਰਜ ਕੀਤੀ ਹੈ। ਲੁਧਿਆਣਾ (64.14 ਫ਼ੀਸਦ), ਅੰਮ੍ਰਿਤਸਰ (75.60 ਫ਼ੀਸਦ), ਜਲੰਧਰ (68.05 ਫ਼ੀਸਦ), ਅਤੇ ਪਟਿਆਲਾ (69.33 ਫ਼ੀਸਦ) ਸਮੇਤ ਹੋਰ ਪ੍ਰਮੁੱਖ ਜ਼ਿਲ੍ਹਿਆਂ ਵਿੱਚ ਵੀ ਕਾਫ਼ੀ ਪ੍ਰਗਤੀ ਦੇਖਣ ਨੂੰ ਮਿਲੀ ਹੈ। ਮੁੱਖ ਚੋਣ ਅਧਿਕਾਰੀ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਵੋਟਰ 2003 ਦੀਆਂ ਵੋਟਰ ਸੂਚੀਆਂ, ਜੋ ਕਿ ਐਸਆਈਆਰ ਪ੍ਰਕਿਰਿਆ ਲਈ ਇੱਕ ਮੁੱਖ ਸੰਦਰਭ ਵਜੋਂ ਕੰਮ ਕਰਦੀਆਂ ਹਨ, ਦਾ ਹਵਾਲਾ ਦੇ ਕੇ ਆਪਣੇ ਵੇਰਵਿਆਂ ਨੂੰ ਸਰਗਰਮੀ ਨਾਲ ਲੱਭ ਸਕਦੇ ਹਨ ਅਤੇ ਮੈਪ ਕਰ ਸਕਦੇ ਹਨ । ਵੋਟਰ ਭਾਰਤ ਦੇ ਚੋਣ ਕਮਿਸ਼ਨ ਦੇ ਅਧਿਕਾਰਤ ਪੋਰਟਲ https://voters.eic.govi.n/ ਰਾਹੀਂ 2003 ਦੀ ਵੋਟਰ ਸੂਚੀ ਤੱਕ ਪਹੁੰਚ ਕਰ ਸਕਦੇ ਹਨ।

Samaj Weekly
ਸਮਾਜ ਵੀਕਲੀ

Editor-in-chief
Devinder Chander
+44 7878 456 484

Editorial Office
Samaj Weekly
Samaj Media Enterprise Ltd
46 Summer Road
Erdington,Birmingham UK
B23 6UR
+44 7878 456 484
+44 121 565 4810
info@samajweekly.com
samajweekly@gmail.com

ਹਰ ਪ੍ਰਕਾਰ ਦੇ ਵਪਾਰਕ ਅਤੇ ਕਲਾਸੀਫਾਈਡ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

# ਇਰਾਨ ਨੇ ਅਮਰੀਕੀ ਸੀ-130 ਜਹਾਜ਼ ਨੂੰ ਮਾਰ ਸੁੱਟਿਆ



**ਤਹਿਰਾਨ:** ਇਰਾਨ ਨੇ ਇਸਫਹਾਨ ਵਿੱਚ ਇੱਕ ਅਮਰੀਕੀ ਸੀ-130 ਜਹਾਜ਼ ਨੂੰ ਡੇਗਣ ਦਾ ਦਾਅਵਾ ਕੀਤਾ ਹੈ। ਇਰਾਨੀ ਅਧਿਕਾਰੀਆਂ ਦਾ ਦਾਅਵਾ ਹੈ ਕਿ ਜਹਾਜ਼ ਇੱਕ ਪਾਇਲਟ ਬਚਾਅ ਮਿਸ਼ਨ ਵਿੱਚ ਸ਼ਾਮਲ ਸੀ। ਅਮਰੀਕਾ ਨੇ ਪਹਿਲਾਂ ਮਿਸ਼ਨ ਵਿੱਚ ਸ਼ਾਮਲ ਦੋ ਬਲੈਕ ਹਾਕ ਹੈਲੀਕਾਪਟਰਾਂ ਦੇ ਤਬਾਹ ਹੋਣ ਦੀ ਪੁਸ਼ਟੀ ਕੀਤੀ ਹੈ, ਪਰ ਸੀ-130 ਬਾਰੇ ਅਮਰੀਕਾ ਵੱਲੋਂ ਕੋਈ ਟਿੱਪਣੀ ਨਹੀਂ ਕੀਤੀ ਗਈ ਹੈ। ਇਰਾਨ ਦੀ ਪੁਲਿਸ ਕਮਾਂਡ ਨੇ ਐਲਾਨ ਕੀਤਾ ਕਿ ਇਸਫਹਾਨ ਦੇ ਦੱਖਣ ਵਿੱਚ ਇੱਕ ਅਮਰੀਕੀ ਸੀ-130 ਜਹਾਜ਼ ਨੂੰ ਡੇਗ ਦਿੱਤਾ ਗਿਆ ਸੀ। ਦੱਸਿਆ ਜਾ ਰਿਹਾ ਹੈ ਕਿ ਿਘਛ ਨੇ ਇਸਫਹਾਨ ਪ੍ਰਮਾਣੂ ਕੇਂਦਰ ਨੇੜੇ ਇੱਕ ਹੋਰ ਅਮਰੀਕੀ ਜਹਾਜ਼ ਨੂੰ ਸੁੱਟ ਦਿੱਤਾ। "ਇੱਕ ਸਾਂਝੇ ਆਪ੍ਰੇਸ਼ਨ (ਏਅਰਸਪੇਸ, ਜ਼ਮੀਨੀ ਫੌਜਾਂ, ਪ੍ਰਸਿੱਧ ਇਕਾਈਆਂ, ਬਾਸੀਜ ਅਤੇ ਪੁਲਿਸ ਕਮਾਂਡ) ਦੌਰਾਨ ਦੁਸ਼ਮਣ ਦੇ ਉਡਾਣ ਉਪਕਰਣ ਨਸ਼ਟ ਕਰ ਦਿੱਤੇ ਗਏ ਸਨ," ਸਮੂਹ ਨੇ ਕਿਹਾ।

ਪੱਤਰਕਾਰਾਂ ਦੀ ਲੋੜ

ਇੰਗਲੈਂਡ ਦੇ ਹਰ ਇਲਾਕੇ 'ਚ ਪੱਤਰਕਾਰਾਂ ਦੀ ਲੋੜ ਹੈ, ਪੱਤਰਕਾਰਤਾ ਦਾ ਸ਼ੌਕ ਰੱਖਣ ਵਾਲੇ ਆਪਣੀ C.V. email: samajweekly@gmail.com ਉੱਤੇ ਭੇਜ ਸਕਦੇ ਹਨ।

Editor-in-chief : Devinder Chander
Mob: 07878 456 484

ਨੋਟ : ਪੱਤਰਕਾਰਤਾ ਦਾ ਤਜੁਰਬਾ ਰੱਖਣ ਵਾਲੇ ਨੂੰ ਪਹਿਲ ਦਿਤੀ ਜਾਵੇਗੀ।

## ਪੰਜਾਬ 'ਚ ਮੰਗਲਵਾਰ ਤੇ ਬੁੱਧਵਾਰ ਨੂੰ ਛੁੱਟੀ ਦਾ ਐਲਾਨ, ਸਕੂਲ-ਕਾਲਜ ਸਣੇ ਸਰਕਾਰੀ ਅਦਾਰੇ ਰਹਿਣਗੇ ਬੰਦ




**ਚੰਡੀਗੜ੍ਹ।** ਪੰਜਾਬ ਵਿੱਚ ਅਪ੍ਰੈਲ ਮਹੀਨਾ ਵਿਦਿਆਰਥੀਆਂ ਅਤੇ ਸਰਕਾਰੀ ਕਰਮਚਾਰੀਆਂ ਲਈ ਛੁੱਟੀਆਂ ਨਾਲ ਭਰਪੂਰ ਰਹਿਣ ਵਾਲਾ ਹੈ। ਇਸ ਮਹੀਨੇ ਕਈ ਗਜ਼ਟਿਡ ਛੁੱਟੀਆਂ ਦਾ ਐਲਾਨ ਕੀਤਾ ਗਿਆ ਹੈ। 8 ਅਪ੍ਰੈਲ ਨੂੰ ਸ੍ਰੀ ਨਾਭਾ ਦਾਸ ਜੀ ਦੇ ਜਨਮ ਦਿਵਸ ਮੌਕੇ ਸੂਬੇ ਭਰ ਵਿੱਚ ਸਕੂਲ, ਕਾਲਜ ਅਤੇ ਸਰਕਾਰੀ ਦਫ਼ਤਰ ਬੰਦ ਰਹਿਣਗੇ। ਇਸ ਤੋਂ ਬਾਅਦ 14 ਅਪ੍ਰੈਲ ਨੂੰ ਵੀ ਛੁੱਟੀ ਰਹੇਗੀ, ਕਿਉਂਕਿ ਇਸ ਦਿਨ ਵਿਸਾਖੀ ਦਾ ਤਿਉਹਾਰ ਅਤੇ ਡਾ. ਬੀ. ਆਰ. ਅੰਬੇਡਕਰ ਦਾ ਜਨਮ ਦਿਨ ਮਨਾਇਆ ਜਾਂਦਾ ਹੈ। ਅਪ੍ਰੈਲ 2026 ਅਕਾਦਮਿਕ ਤੌਰ 'ਤੇ ਵੀ ਇੱਕ ਮਹੱਤਵਪੂਰਨ ਮਹੀਨਾ ਹੈ। ਇਸ ਦੌਰਾਨ ਦੇਸ਼ ਭਰ ਵਿੱਚ ਨਵੇਂ ਸਿੱਖਿਆ ਸਾਲ ਦੀ ਸ਼ੁਰੂਆਤ ਹੁੰਦੀ ਹੈ। ਸਾਲਾਨਾ ਪ੍ਰੀਖਿਆਵਾਂ ਦੇ ਬਾਅਦ ਵਿਦਿਆਰਥੀ ਨਵੀਆਂ ਕਲਾਸਾਂ ਵਿੱਚ ਪ੍ਰਵੇਸ਼ ਕਰਦੇ ਹਨ ਅਤੇ ਸਕੂਲਾਂ ਵਿੱਚ ਨਵਾਂ ਪਾਠਕ੍ਰਮ ਅਤੇ ਸਮਾਂ-ਸਾਰਣੀ ਲਾਗੂ ਹੁੰਦੀ ਹੈ। ਭਾਵੇਂ ਇਹ ਮਹੀਨਾ ਪੜ੍ਹਾਈ ਲਈ ਵਿਅਸਤ ਹੁੰਦਾ ਹੈ, ਪਰ ਵਿਚਕਾਰ ਆਉਣ ਵਾਲੀਆਂ ਛੁੱਟੀਆਂ ਵਿਦਿਆਰਥੀਆਂ ਨੂੰ ਕੁਝ ਰਾਹਤ ਦਿੰਦੀਆਂ ਹਨ। ਨਾਲ ਹੀ, ਮਹੀਨੇ ਦੇ ਅਖੀਰ ਤੱਕ ਕਈ ਸੂਬਿਆਂ ਵਿੱਚ ਗਰਮੀਆਂ ਦੀਆਂ ਛੁੱਟੀਆਂ ਵੀ ਸ਼ੁਰੂ ਹੋ ਸਕਦੀਆਂ ਹਨ।

## ਬਠਿੰਡਾ 'ਚ ਸਦਰ ਥਾਣੇ ਦਾ ਪੂਰਾ ਸਟਾਫ਼ ਬਦਲਿਆ

**ਬਠਿੰਡਾ।** ਬਠਿੰਡਾ ਦੇ ਸਦਰ ਪੁਲਿਸ ਸਟੇਸ਼ਨ ਦੇ ਸਮੁੱਚੇ ਸਟਾਫ਼ ਦਾ ਤਬਾਦਲਾ ਕਰਨ ਦੇ ਹੁਕਮ ਜਾਰੀ ਕੀਤੇ ਹਨ। ਇਹ ਵੱਡੀ ਕਾਰਵਾਈ ਨਸ਼ਿਆਂ ਕਾਰਨ ਹੋ ਰਹੀਆਂ ਮੌਤਾਂ ਸਬੰਧੀ ਮਿਲੀ ਇੱਕ ਗੰਭੀਰ ਸ਼ਿਕਾਇਤ ਤੋਂ ਬਾਅਦ ਕੀਤੀ ਗਈ ਹੈ। ਮੁੱਖ ਮੰਤਰੀ ਐਤਵਾਰ ਨੂੰ ਬਠਿੰਡਾ ਦੇ ਬਲਵੰਤ ਗਾਰਗੀ ਆਡੀਟੋਰੀਅਮ ਵਿਖੇ ਪ੍ਰਸ਼ਾਸਨਿਕ ਅਧਿਕਾਰੀਆਂ, ਪੰਚਾਂ-ਸਰਪੰਚਾਂ ਅਤੇ ਵਰਕਰਾਂ ਨਾਲ ਇੱਕ ਅਹਿਮ ਮੀਟਿੰਗ ਕਰ ਰਹੇ ਸਨ, ਜਿੱਥੇ ਜਨਤਾ ਦੀਆਂ ਮੁਸ਼ਕਲਾਂ ਸੁਣੀਆਂ ਗਈਆਂ।ਮੀਟਿੰਗ ਦੌਰਾਨ ਪਿੰਡ ਗੁਲਾਬਗੜ੍ਹ ਦੇ ਸਰਪੰਚ ਲੱਖਾ ਸਿੰਘ ਨੇ ਮੁੱਖ ਮੰਤਰੀ ਦੇ ਸਾਹਮਣੇ ਪੁਲਿਸ ਦੀ ਕਾਰਜਪ੍ਰਣਾਲੀ 'ਤੇ ਸਵਾਲ ਚੁੱਕਦਿਆਂ ਦੱਸਿਆ ਕਿ ਉਨ੍ਹਾਂ ਦੇ ਪਿੰਡ ਅਤੇ ਆਲੇ-ਦੁਆਲੇ ਦੇ ਇਲਾਕਿਆਂ ਵਿੱਚ ਨਸ਼ੇ ਕਾਰਨ ਕਈ ਨੌਜਵਾਨਾਂ ਦੀ ਮੌਤ ਹੋ ਚੁੱਕੀ ਹੈ। ਸਰਪੰਚ ਨੇ ਦੋਸ਼ ਲਾਇਆ ਕਿ ਇਸ ਸਬੰਧੀ ਸਦਰ ਪੁਲਿਸ ਸਟੇਸ਼ਨ ਨੂੰ ਵਾਰ-ਵਾਰ ਜਾਣਕਾਰੀ ਦਿੱਤੀ ਗਈ ਸੀ, ਪਰ ਪੁਲਿਸ ਅਧਿਕਾਰੀਆਂ ਵੱਲੋਂ ਕੋਈ ਠੋਸ ਕਾਰਵਾਈ ਨਹੀਂ ਕੀਤੀ ਗਈ। ਸਰਪੰਚ ਦੀ ਗੱਲ ਸੁਣਨ ਤੋਂ ਬਾਅਦ ਮੁੱਖ ਮੰਤਰੀ ਨੇ ਮੌਕੇ 'ਤੇ ਹੀ ਪੂਰੇ ਥਾਣੇ ਦੇ ਸਟਾਫ਼ ਨੂੰ ਹਟਾਉਣ ਦਾ ਫੈਸਲਾ ਸੁਣਾਇਆ।



## ਅੰਮ੍ਰਿਤਸਰ ਪੁਲਿਸ ਨੇ ਕਰੋੜਾਂ ਦੀ ਹੈਰੋਇਨ ਸਮੇਤ ਦੋ ਮੁਲਜ਼ਮ ਕੀਤੇ ਕਾਬੂ




**ਅੰਮ੍ਰਿਤਸਰ।** ਅੰਮ੍ਰਿਤਸਰ ਕਮਿਸ਼ਨਰੇਟ ਪੁਲਿਸ ਨੇ ਇੱਕ ਅੰਤਰਰਾਸ਼ਟਰੀ ਨਸ਼ਾ ਤਸਕਰੀ ਮਾਡਿਊਲ ਦਾ ਪਰਦਾਫਾਸ਼ ਕੀਤਾ ਹੈ ਅਤੇ ਦੋ ਸ਼ੱਕੀਆਂ ਨੂੰ ਗ੍ਰਿਫ਼ਤਾਰ ਕੀਤਾ ਹੈ। ਪੁਲਿਸ ਨੇ ਉਨ੍ਹਾਂ ਤੋਂ 4.13 ਕਿਲੋ ਹੈਰੋਇਨ ਬਰਾਮਦ ਕੀਤੀ ਹੈ। ਮੁੱਢਲੀ ਜਾਂਚ ਤੋਂ ਪਤਾ ਲੱਗਾ ਹੈ ਕਿ ਗ੍ਰਿਫ਼ਤਾਰ ਕੀਤੇ ਗਏ ਸ਼ੱਕੀਆਂ ਦੇ ਯੂਰਪ ਵਿੱਚ ਸਥਿਤ ਹੈਂਡਲਰਾਂ ਅਤੇ ਜੇਲ੍ਹ ਵਿੱਚ ਬੰਦ ਅਪਰਾਧੀਆਂ ਨਾਲ ਸਿੱਧੇ ਸਬੰਧ ਸਨ। ਇਹ ਨੈੱਟਵਰਕ ਪੰਜਾਬ ਦੇ ਮਾਝਾ ਅਤੇ ਦੋਆਬਾ ਖੇਤਰਾਂ ਵਿੱਚ ਨਸ਼ੀਲੇ ਪਦਾਰਥਾਂ ਦੀ ਸਪਲਾਈ ਕਰ ਰਿਹਾ ਸੀ। ਸ਼ੱਕੀਆਂ ਦੀ ਪਛਾਣ ਅਜੇ ਤੱਕ ਪ੍ਰਗਟ ਨਹੀਂ ਕੀਤੀ ਗਈ ਹੈ। ਜਾਣਕਾਰੀ ਅਨੁਸਾਰ, ਦੋਵੇਂ ਗ੍ਰਿਫ਼ਤਾਰ ਕੀਤੇ ਗਏ ਮੁਲਜ਼ਮ ਪਹਿਲਾਂ ਵੀ ਐਨਡੀਪੀਐਸ ਅਤੇ ਅਸਲਾ ਐਕਟ ਤਹਿਤ ਅਪਰਾਧਿਕ ਗਤੀਵਿਧੀਆਂ ਵਿੱਚ ਸ਼ਾਮਲ ਰਹੇ ਹਨ। ਉਨ੍ਹਾਂ ਖ਼ਿਲਾਫ਼ ਕਈ ਮਾਮਲੇ ਦਰਜ ਹਨ। ਪੁਲਿਸ ਨੇ ਇਸ ਮਾਮਲੇ ਵਿੱਚ ਸੁਲਤਾਨਵਿੰਡ ਪੁਲਿਸ ਸਟੇਸ਼ਨ, ਅੰਮ੍ਰਿਤਸਰ ਵਿਖੇ ਐਫਆਈਆਰ ਦਰਜ ਕੀਤੀ ਹੈ। ਪੂਰੇ ਨੈੱਟਵਰਕ ਦਾ ਪਰਦਾਫਾਸ਼ ਕਰਨ ਅਤੇ ਇਸ ਵਿੱਚ ਸ਼ਾਮਲ ਹੋਰ ਮੈਂਬਰਾਂ ਨੂੰ ਫੜਨ ਲਈ ਹੋਰ ਜਾਂਚ ਜਾਰੀ ਹੈ। ਪੰਜਾਬ ਦੇ ਡੀਜੀਪੀ ਗੌਰਵ ਯਾਦਵ ਨੇ ਕਿਹਾ ਕਿ ਸੂਬਾ ਪੁਲਿਸ ਨਸ਼ਿਆਂ ਵਿਰੁੱਧ ਲਗਾਤਾਰ ਸਖ਼ਤ ਕਾਰਵਾਈ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਪੁਲਿਸ ਸੂਬੇ ਨੂੰ ਨਸ਼ਾ ਮੁਕਤ ਅਤੇ ਸੁਰੱਖਿਅਤ ਬਣਾਉਣ ਲਈ ਕਿਸੇ ਵੀ ਪੱਧਰ 'ਤੇ ਕਾਰਵਾਈ ਕਰਨ ਲਈ ਵਚਨਬੱਧ ਹੈ।ਉਨ੍ਹਾਂ ਅੱਗੇ ਕਿਹਾ ਕਿ ਪੁਲਿਸ ਅਜਿਹੇ ਅੰਤਰਰਾਸ਼ਟਰੀ ਨੈੱਟਵਰਕਾਂ ਦਾ ਪਰਦਾਫਾਸ਼ ਕਰਨ ਅਤੇ ਉਨ੍ਹਾਂ ਨੂੰ ਖਤਮ ਕਰਨ ਲਈ ਲਗਾਤਾਰ ਨਵੀਆਂ ਤਕਨੀਕਾਂ ਅਤੇ ਖੁਫੀਆ ਜਾਣਕਾਰੀ ਦੀ ਵਰਤੋਂ ਕਰ ਰਹੀ ਹੈ। ਪੁਲਿਸ ਨੇ ਜਨਤਾ ਨੂੰ ਅਪੀਲ ਕੀਤੀ ਹੈ ਕਿ ਉਹ ਕਿਸੇ ਵੀ ਸ਼ੱਕੀ ਗਤੀਵਿਧੀ ਦੀ ਤੁਰੰਤ ਨਜ਼ਦੀਕੀ ਪੁਲਿਸ ਸਟੇਸ਼ਨ ਨੂੰ ਰਿਪੋਰਟ ਕਰਨ।

SHAM LAL CHANDER
ID no. 921760
BUILDING MAINTENANCE HANDYMAN (CHECKATRADE)

Sham Lal Chander building maintenance handyman Under checkatrade platform is now available on your local London Area. They have fully trained and experienced tradesmen and do genuinely fast responses to all online enquiries. Their team are knowledgeable and providing on-time service. They have been providing remodelling, repairing and maintaining for over five years.

SPECIALITY:

PLUMBING : - Repairs/Replacement of Bathrooms accessories (sink, taps, tubs, showers, Toilets etc.

ELECTRICIAN :- Repairs/Replacement of all types of Sockets, Switches, Lamps, Fans, Cameras, Washing machines, Cookers, Alarms, Mount TV on walls, etc.

MASONRY WORK: - Plastering, skimming, Brick Work, Slabs Lying, Drive Ways, Roof maintenance etc.

CARPENTRY: - Laminate Flooring, Fencing, Flat Packs Assembling, Doors repairing/ replacing, Skirting, Decking, Selves making etc.

For more information please contact at www.checkatrade.com
Chander Consultants Limited, London, UK 07488841161

# ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਿਊਟ ਵਿਖੇ ਸੰਗੀਤਕ ਸ਼ਾਮ ਦਾ ਕੀਤਾ ਗਿਆ ਆਯੋਜਨ

**ਲੁਧਿਆਣਾ 5 ਅਪ੍ਰੈਲ (ਕਰਨੈਲ ਸਿੰਘ ਐੱਮ.ਏ.)** ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਿਊਟ ਵਿਖੇ ਸੰਗੀਤਕ ਸ਼ਾਮ ਦਾ ਆਯੋਜਨ ਕੀਤਾ ਗਿਆ । ਜਿਸ ਵਿੱਚ ਸ਼੍ਰੀ ਦੀਪਕ ਬਾਲੀ, ਸਲਾਹਕਾਰ, ਸੱਭਿਆਚਾਰਕ ਮਾਮਲੇ ਵਿਭਾਗ, ਪੰਜਾਬ ਸਰਕਾਰ ਨੇ ਮੁੱਖ ਮਹਿਮਾਨ ਦੇ ਤੌਰ ਤੇ ਇੰਸਟੀਚਿਊਟ ਦੇ ਕਲਾਕਾਰਾਂ ਦੀਆਂ ਪੇਸ਼ਕਾਰੀਆਂ ਦਾ ਆਨੰਦ ਮਾਣਿਆ।

ਡਾ: ਚਰਨ ਕਮਲ ਸਿੰਘ, ਡਾਇਰੈਕਟਰ ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਿਊਟ ਹੋਰਾਂ ਮੁੱਖ ਮਹਿਮਾਨ ਅਤੇ ਸਰੋਤਿਆਂ ਨੂੰ ਜੀਓ ਆਇਆਂ ਕਹਿੰਦਿਆਂ ਇੰਸਟੀਚਿਊਟ ਦੀਆਂ ਉੱਚ ਪੱਧਰੀ ਤਕਨੀਕੀ ਸਹੂਲਤਾਂ ਅਤੇ ਗਾਇਨ, ਵਾਦਨ, ਨ੍ਰਿਤ, ਆਡੀਓ/ਵੀਡੀਓ ਦੇ ਕੋਰਸਾਂ ਬਾਰੇ ਜਾਣਕਾਰੀ ਦਿੱਤੀ।

ਮੁੱਖ ਮਹਿਮਾਨ, ਸ਼੍ਰੀ ਦੀਪਕ ਬਾਲੀ, ਸਲਾਹਕਾਰ, ਸੱਭਿਆਚਾਰਕ ਮਾਮਲੇ ਵਿਭਾਗ, ਪੰਜਾਬ ਸਰਕਾਰ ਨੇ ਸਿਖਿਆਰਥੀਆਂ ਵੱਲੋਂ ਕੀਤੀਆਂ ਗਈਆਂ ਪੇਸ਼ਕਾਰੀਆਂ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਿਊਟ ਪੰਜਾਬ ਸਰਕਾਰ ਦਾ ਅਜਿਹਾ ਅਦਾਰਾ ਹੈ ਜਿਸ ਵਿੱਚ ਗਾਇਨ, ਵਾਦਨ, ਨ੍ਰਿਤ, ਆਡੀਓ/ਵੀਡੀਓ ਦੇ ਕੋਰਸ






ਕਰਵਾਏ ਜਾਂਦੇ ਹਨ ਅਤੇ ਇੰਸਟੀਚਿਊਟ ਦੇ ਕਾਰਜਕਰਤਾ ਬੜੀ ਮਿਹਨਤ ਅਤੇ ਲਗਨ ਨਾਲ ਸਿਖਿਆਰਥੀਆਂ ਨੂੰ ਸਿਖਲਾਈ ਦੇ ਕੇ ਉਨ੍ਹਾਂ ਦੀ ਹੁਨਰ-ਘਾੜਤ ਕਰ ਰਹੇ ਹਨ। ਇੰਸਟੀਚਿਊਟ ਦੀਆਂ ਕਿਸੇ ਵੀ ਤਰ੍ਹਾਂ ਦੀਆਂ ਅਗਾਊਂ ਲੋੜਾਂ ਨੂੰ ਪੰਜਾਬ ਸਰਕਾਰ ਵੱਲੋਂ ਪੂਰਾ ਕੀਤਾ ਜਾਵੇਗਾ। ਉਨ੍ਹਾਂ ਵਿਸ਼ਵਾਸ ਦੁਆਇਆ ਕਿ ਸਮਾਜ ਦੇ ਹਰ ਵਰਗ ਦੇ ਜੀਆਂ ਨੂੰ ਆਪਣੇ ਹੁਨਰ ਦੀ ਘਾੜਤ ਲਈ ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਿਊਟ ਦੀ ਹੁਨਰ ਘਾੜਤ ਪ੍ਰਣਾਲੀ ਦਾ ਵੱਧ ਤੋਂ ਵੱਧ ਲਾਹਾ ਲੈਣਾ ਚਾਹੀਦਾ ਹੈ।

ਇਸ ਮੌਕੇ ਡਾ: ਗੁਰਭਜਨ ਗਿੱਲ, ਗੁਰਮੀਤ ਸਿੰਘ ਕੋਛੜ, ਡਾ: ਰੰਜਨਾ ਚੀਮਾ, ਡਾ: ਓ.ਪੀ. ਪਰਮਾਰ, ਸ਼੍ਰੀ ਨੀਲੰਬਰ ਸ਼ਰਮਾ, ਜਸਮੇਲ ਸਿੰਘ ਧੀਮਾਨ, ਦਾਨ ਸਿੰਘ, ਅਨਿਲ ਸਭਰਵਾਲ, ਮਹਿੰਦਰ ਸਿੰਘ ਸੇਖੋਂ ਆਦਿ ਵਿਸ਼ੇਸ਼ ਤੌਰ ਤੇ ਪਹੁੰਚੇ। ਇੰਸਟੀਚਿਊਟ ਦੇ ਸਿਖਿਆਰਥੀਆਂ ਨੇ ਸੂਫੀ ਅਤੇ ਬਾਲੀਵੁੱਡ ਗਾਇਨ ਪੇਸ਼ ਕੀਤਾ। ਇਸ ਮੌਕੇ ਡਾ: ਗੁਰਭਜਨ ਸਿੰਘ ਗਿੱਲ ਜੀ ਦੀ ਪੁਸਤਕ 'ਜ਼ੇਵਰ' ਵਿੱਚੋਂ ਗਜ਼ਲਾਂ ਦਾ ਗਾਇਨ ਕੀਤਾ ਗਿਆ। ਡਰੰਮ, ਕੀ-ਬੋਰਡ ਅਤੇ ਗਿਟਾਰ ਦੇ ਵਾਦਨ ਦੀ ਪੇਸ਼ਕਾਰੀ ਕੀਤੀ ਗਈ। ਨ੍ਰਿਤ ਕੱਥਕ, ਬਾਲੀਵੁੱਡ ਡਾਂਸ ਅਤੇ ਗਿੱਧੇ/ਭੰਗੜੇ ਦੀ ਪੇਸ਼ਕਾਰੀ ਨੇ ਦਰਸ਼ਕਾਂ ਨੂੰ ਨੱਚਣ ਲਾ ਦਿੱਤਾ। ਮਿਸ਼ਿਜ ਸ਼ੀਤਲ ਸ਼ਰਮਾ ਨੇ ਸਟੇਜ ਦਾ ਸੁਚੱਜੇ ਢੰਗ ਨਾਲ ਸੰਚਾਲਨ ਕੀਤਾ। ਇਸ਼ਮੀਤ ਸਿੰਘ ਮਿਊਜ਼ਿਕ ਇੰਸਟੀਚਿਊਟ ਦੀ ਇਹ ਸੰਗੀਤਕ ਸ਼ਾਮ ਸਰੋਤਿਆਂ ਦੇ ਮਨਾਂ ਵਿਚ ਯਾਦਗਾਰ ਹੋ ਨਿੱਬੜੀ।

# ਰਵਿੰਦਰ ਵੈਸ਼ਨਵ ਡੇਰਾ ਬੱਸੀ ਨੂੰ ਅਖਿਲ ਭਾਰਤੀ ਬ੍ਰਾਹਮਣ ਸਮਾਜ ਮਹਾਂਪੰਚਾਇਤ ਦਾ ਸੰਗਠਨ ਮਹਾਂਮੰਤਰੀ ਨਿਯੁਕਤ ਕੀਤਾ ਗਿਆ

**ਡੇਰਾ ਬੱਸੀ ( ਸੰਜੀਵ ਸਿੰਘ ਸੈਣੀ)** ਅੱਜ ਅਖਿਲ ਭਾਰਤੀ ਬ੍ਰਾਹਮਣ ਸਮਾਜ ਮਹਾਪੰਚਾਇਤ ਦੇ ਰਾਸ਼ਟਰੀ ਸੰਯੋਜਕ ਅਮਿਤ ਭਾਰਗਵ ਦੀ ਅਗਵਾਈ ਹੇਠ ਪੰਜਾਬ, ਹਰਿਆਣਾ, ਚੰਡੀਗੜ੍ਹ ਤੋਂ ਪਧਾਰੇ ਹੋਏ ਕੋਰ ਕਮੇਟੀ ਦੇ ਮੈਂਬਰਾਂ ਦੀ ਹਾਜ਼ਰੀ ਵਿੱਚ ਇੱਕ ਮੀਟਿੰਗ ਡੇਰਾਬੱਸੀ ਭਗਵਾਨ ਪਰਸ਼ੂਰਾਮ ਭਵਨ, ਗਲੀ ਨੰਬਰ 5, ਸਰਸਵਤੀ ਵਿਹਾਰ, ਡੇਰਾਬੱਸੀ ਵਿਖੇ ਬੁਲਾਈ ਗਈ, ਜਿਸ ਵਿੱਚ ਮਹਾਪੰਚਾਇਤ ਵੱਲੋਂ ਵੱਖ-ਵੱਖ ਰਾਜਾਂ ਦੀਆਂ ਸਰਕਾਰਾਂ ਨੂੰ ਬ੍ਰਾਹਮਣ ਸਮਾਜ ਲਈ ਪੰਜ ਮੰਗਾਂ ਮਨਵਾਉਣ ਲਈ ਵਿਚਾਰ-ਵਟਾਂਦਰਾ ਕੀਤਾ ਗਿਆ ਅਤੇ ਪੰਜਾਬ ਦੇ ਸਾਰੇ ਸ਼ਹਿਰਾਂ ਵਿੱਚ ਭਗਵਾਨ ਪਰਸ਼ੂਰਾਮ ਜੀ ਦਾ ਜਨਮ ਉਤਸਵ ਮਨਾਉਣ ਵਾਲੀਆਂ ਸੰਸਥਾਵਾਂ ਅਤੇ ਸਮਾਜ ਦੇ ਲੋਕਾਂ ਨੂੰ ਇਕੱਠਾ ਕਰਕੇ ਸੂਬਾ ਪੱਧਰ 'ਤੇ ਭਗਵਾਨ ਪਰਸ਼ੂਰਾਮ ਜੀ ਦਾ ਜਨਮਦਿਵਸ ਮਨਾਇਆ ਜਾਵੇਗਾ ਅਤੇ ਉਸ ਵਿੱਚ ਮਹਾਪੰਚਾਇਤ ਵੱਲੋਂ ਰੱਖੀਆਂ ਗਈਆਂ ਪੰਜ ਮੰਗਾਂ:

1) ਹੋਰ ਸਮਾਜ ਦੇ ਬੱਚਿਆਂ ਨੂੰ ਦਿੱਤੀ ਜਾ ਰਹੀ ਸਿੱਖਿਆ ਸਹਾਇਤਾ ਦੀ ਤਰਜ਼ 'ਤੇ ਬ੍ਰਾਹਮਣ ਸਮਾਜ ਦੇ ਬੱਚਿਆਂ ਨੂੰ ਵੀ ਵਜ਼ੀਫ਼ਾ ਦਿੱਤਾ ਜਾਵੇ।

2) ਪੰਜਾਬ ਭਰ ਵਿੱਚ ਜਿੰਨੀਆਂ ਵੀ ਮੰਦਰ ਕਮੇਟੀਆਂ ਹਨ, ਉਨ੍ਹਾਂ ਵਿੱਚ ਸੇਵਾਰਤ ਪੁਜਾਰੀਆਂ ਨੂੰ ਇੱਕ ਨਿਸ਼ਚਿਤ ਤਨਖਾਹ ਦਿੱਤੀ ਜਾਵੇ।

3) ਪੰਜਾਬ ਭਰ ਵਿੱਚ ਜਿੰਨੇ ਵੀ ਮੰਦਰ ਹਨ, ਉਹ ਸਰਕਾਰੀ ਨਿਯੰਤਰਣ ਤੋਂ ਮੁਕਤ ਹੋਣ।

4) ਪੰਜਾਬ ਵਿੱਚ ਖਾਟੀ ਧਾਮ ਭਗਵਾਨ ਪਰਸ਼ੂਰਾਮ ਤਪੋਭੂਮੀ ਨੂੰ ਸੈਰ-ਸਪਾਟਾ ਸਥਾਨ ਐਲਾਨਿਆ ਜਾਵੇ ਅਤੇ ਉਸ ਦੀ ਸਾਂਭ-ਸੰਭਾਲ ਲਈ ਫੰਡ ਜਾਰੀ ਕੀਤਾ ਜਾਵੇ।

5) ਪੰਜਾਬ ਦੀ ਸਿੱਖਿਆ ਵਿੱਚ ਸੰਸਕ੍ਰਿਤ ਭਾਸ਼ਾ ਨੂੰ ਵੀ ਸਕੂਲਾਂ ਵਿੱਚ ਪੜ੍ਹਾਇਆ ਜਾਵੇ।

ਇਨ੍ਹਾਂ ਮੰਗਾਂ ਨੂੰ ਲੈ ਕੇ ਮਹਾਪੰਚਾਇਤ ਦਾ ਵਫ਼ਦ ਪੰਜਾਬ ਸਰਕਾਰ ਦੇ ਮੰਤਰੀ ਅਤੇ ਬ੍ਰਾਹਮਣ ਭਲਾਈ ਬੋਰਡ ਦੇ ਚੇਅਰਮੈਨ ਨੂੰ ਮੰਗ ਪੱਤਰ ਦੇਵੇਗਾ। ਇਨ੍ਹਾਂ ਪੰਜ ਮੰਗਾਂ ਨੂੰ ਮਨਵਾਉਣ ਲਈ ਜਲਦੀ ਹੀ ਹਰ ਜ਼ਿਲ੍ਹੇ ਵਿੱਚ ਇੱਕ ਪੰਚਾਇਤ ਆਯੋਜਿਤ ਕੀਤੀ ਜਾਵੇਗੀ, ਅਤੇ ਇਸ ਤੋਂ ਬਾਅਦ ਸਰਕਾਰ ਖ਼ਿਲਾਫ਼ ਚੰਡੀਗੜ੍ਹ ਵਿੱਚ ਮਹਾਪੰਚਾਇਤ ਦਾ ਆਯੋਜਨ ਕੀਤਾ ਜਾਵੇਗਾ, ਜਿਸ ਵਿੱਚ ਪੰਜਾਬ ਦੇ ਹਰ ਜ਼ਿਲ੍ਹੇ ਤੋਂ ਲੱਖਾਂ ਦੀ ਗਿਣਤੀ ਵਿੱਚ ਬ੍ਰਾਹਮਣ ਸਮਾਜ



ਆਪਣੀਆਂ ਮੰਗਾਂ ਨੂੰ ਲੈ ਕੇ ਮਹਾਪੰਚਾਇਤ ਕਰੇਗਾ ਅਤੇ ਸਰਕਾਰ ਤੋਂ ਆਪਣੀਆਂ ਪੰਜ ਮੰਗਾਂ ਮਨਵਾਏਗਾ। ਜੇਕਰ ਸਰਕਾਰ ਨੇ ਇਨ੍ਹਾਂ ਪੰਜ ਮੰਗਾਂ ਨੂੰ ਮੰਨ ਲਿਆ ਤਾਂ ਬ੍ਰਾਹਮਣ ਸਮਾਜ ਦਾ ਸਮਰਥਨ ਮਿਲੇਗਾ, ਨਹੀਂ ਤਾਂ ਜੋ ਬ੍ਰਾਹਮਣ ਸਮਾਜ ਦੇ ਹੱਕਾਂ ਦੀਆਂ ਮੰਗਾਂ ਨੂੰ ਮੰਨੇਗਾ, ਮਹਾਪੰਚਾਇਤ ਉਸ ਨੂੰ ਸਮਰਥਨ ਦੇਵੇਗੀ — ਇਸ ਪ੍ਰਸਤਾਵ ਨੂੰ ਪਾਸ ਕਰਵਾਇਆ ਜਾਵੇਗਾ। ਉਕਤ ਜਾਣਕਾਰੀ ਦਿੰਦੇ ਹੋਏ ਅਮਿਤ ਭਾਰਗਵ ਨੇ ਡੇਰਾਬੱਸੀ ਨਿਵਾਸੀ, ਸਾਬਕਾ ਕੌਂਸਲਰ, ਬ੍ਰਾਹਮਣ ਸਭਾ ਡੇਰਾਬੱਸੀ 359 ਦੇ ਪ੍ਰਧਾਨ ਅਤੇ ਪੰਜਾਬ ਬ੍ਰਾਹਮਣ ਸਭਾ ਦੇ ਸੀਨੀਅਰ ਉਪ-ਪ੍ਰਧਾਨ ਰਵਿੰਦਰ ਵੈਸ਼ਨਵ ਨੂੰ ਮਹਾਪੰਚਾਇਤ ਦੇ ਰਾਸ਼ਟਰੀ ਸੰਗਠਨ ਮਹਾਸਚਿਵ ਦਾ ਅਹੁਦਾ ਸੌਂਪਿਆ। ਇਸ ਮੀਟਿੰਗ ਵਿੱਚ ਦੀਪਕ ਸ਼ਰਮਾ, ਦਿਨੇਸ਼ ਭਾਰਦਵਾਜ, ਦਿਨੇਸ਼ ਵੈਸ਼ਨਵ, ਅਸ਼ੋਕ ਵਿਆਸ, ਰਾਕੇਸ਼ ਮਹਿਤਾ, ਰਜਨੀਸ਼ ਸ਼ਰਮਾ, ਪ੍ਰਿੰਸੀਪਲ ਪ੍ਰੀਤਮ ਦਾਸ, ਐਨ.ਕੇ. ਦੱਤ, ਮਾਸਟਰ ਹਰਬੰਸ ਲਾਲ ਸ਼ਰਮਾ, ਡਾ. ਰਾਜਿੰਦਰ ਸ਼ਰਮਾ, ਰਾਜਮਣੀ ਤਿਵਾੜੀ, ਜੋਗਿੰਦਰ ਸ਼ਰਮਾ, ਵਿਕਰਾਂਤ ਸ਼ਰਮਾ, ਰਾਕੇਸ਼ ਸ਼ਰਮਾ, ਹਿਤੇਂਦਰ ਮੋਹਨ ਕੌਸ਼ਿਕ, ਯੋਗੇਸ਼ ਅਤਰੀ, ਅਜੀਤ ਚੌਧਰੀ, ਮਾਸਟਰ ਮੇਹਰ ਚੰਦ ਸ਼ਰਮਾ, ਸੁਸ਼ੀਲ ਵਿਆਸ, ਰਾਕੇਸ਼ ਅਚਿੰਤ, ਜਯੋਤੀ ਨੇਗੀ, ਸੁਨੀਤਾ ਸ਼ਰਮਾ, ਰਾਜਮਣੀ, ਸੁਸ਼ੀਲ ਰਾਜਪੂਤ, ਤਨੂ ਕਸ਼ਯਪ, ਸੁਰੇਸ਼ ਰਾਣੀ ਸ਼ਰਮਾ, ਸੰਦੀਪ ਭੱਟ, ਸੌਰਭ ਬਿਜਲਵਾਨ, ਗੀਤਾ ਰਾਜਪੂਤ, ਐਡਵੋਕੇਟ ਰਾਕੇਸ਼ ਬੈਰਾਗੀ, ਡਾਕਟਰ ਵੇਣੂ ਰਾਓ ਭਾਰਦਵਾਜ, ਜਿਤੇਂਦਰ ਸ਼ਰਮਾ, ਸ਼੍ਰੀਮਤੀ ਗੀਤਾ, ਸ਼ਸ਼ੀ ਬਾਲਾ, ਜਿਤੇਂਦਰ ਅੰਗ੍ਰਿਸ਼ ਵੀ ਹਾਜ਼ਰ ਸਨ।

The Samaj Weekly and people associated with it are not responsible for any claims made by the advisers and don't endorse any product or service advertising Samaj Weekly. Please consult your lawyer before buying hiring/contracting through the ads published in the newspaper. The Samaj Weekly is business of selling space and claims made by the advertisers are not tested/confirmed by any source.

# ਸੂਦ ਗੋਤ ਜਠੇਰਿਆਂ ਦਾ ਸਲਾਨਾ ਜੋੜ ਮੇਲਾ ਮਿਤੀ 17 ਮਈ ਨੂੰ ਪਿੰਡ ਕੁੱਕੜਾਂ ਤਹਿ ਗੜ੍ਹਸ਼ੰਕਰ ਵਿਖੇ ਕਰਵਾਇਆ ਜਾਵੇਗਾ - ਸੂਦ ਵਿਰਕ



ਸਤੀ ਮਾਤਾ ਸੂਦ ਗੋਤ ਜਠੇਰਿਆਂ ਦਾ ਸਾਲਾਨਾ ਜੋੜ ਮੇਲਾ ਮਿਤੀ 17 ਮਈ 2026 ਦਿਨ ਐਤਵਾਰ ਨੂੰ ਪਿੰਡ ਕੁੱਕੜਾਂ ਵਿਖੇ ਸ਼ਰਧਪੂਰਵਕ ਮਨਾਇਆ ਜਾਵੇਗਾ।

**ਹੁਸਿਆਰਪੁਰ 5 ਅਪ੍ਰੈਲ (ਚਰਨਜੀਤ ਸੱਲ੍ਹਾਂ)** ਸੂਦ ਜਠੇਰੇ ਪ੍ਰਬੰਧਕ ਕਮੇਟੀ ਰਜਿ: ਪਿੰਡ ਕੁੱਕੜਾਂ ਦੇ ਸਮੂਹ ਮੈਂਬਰ ਸਹਿਬਾਨ ਨੇ ਮਿਤੀ 05 ਅਪ੍ਰੈਲ 2026 ਨੂੰ ਸੂਦ ਜਠੇਰਿਆਂ ਦੇ ਸਲਾਨਾ ਜੋੜ ਮੇਲੇ ਸਬੰਧੀ ਮੀਟਿੰਗ ਕੀਤੀ। ਸਮੂਹ ਮੈਂਬਰ ਸਹਿਬਾਨ ਨੇ ਸੂਦ ਪਰਿਵਾਰਾਂ ਵੱਲੋਂ ਕੀਤੇ ਜਾ ਰਹੇ ਨਿਰਵਿਘਨ ਸਹਿਯੋਗ ਦੇ ਲਈ ਧੰਨਵਾਦ ਵੀ ਕੀਤਾ। ਮੈਂਬਰ ਸਹਿਬਾਨ ਨੇ ਅੱਗੇ ਦੱਸਿਆ ਕਿ ਦਰਬਾਰ ਸੂਦ ਜਠੇਰਿਆਂ ਦਾ ਸਲਾਨਾ ਜੋੜ ਮੇਲਾ ਹਰ ਸਾਲ ਦੀ ਤਰਾਂ ਇਸ ਸਾਲ ਵੀ ਜੇਠ ਮਹੀਨੇ ਦੇ ਜੇਠੇ ਐਤਵਾਰ ਮਿਤੀ 17 ਮਈ 2026 ਨੂੰ ਬੜੀ ਸਰਧਾ ਭਾਵਨਾ ਨਾਲ ਸੰਗਤਾਂ ਦੇ ਸਹਿਯੋਗ ਨਾਲ ਪਿੰਡ ਕੁੱਕੜਾਂ ਤਹਿ. ਗੜ੍ਹਸੰਕਰ ਜਿਲ੍ਹਾ ਹੁਸ਼ਿਆਰਪੁਰ ਵਿਖੇ ਕਰਵਾਇਆ ਜਾਵੇਗਾ। ਇਸ ਸਲਾਨਾ ਜੋੜ ਮੇਲੇ ਦੀ ਆਰੰਭਤਾ ਸੂਦ ਜਠੇਰੇ ਦਰਬਾਰ ਵਿਖੇ ਚਿਰਾਗ ਰੌਸ਼ਨਾ ਕੇ ਕੀਤੀ ਜਾਵੇਗੀ। ਸਵੇਰੇ 11 ਵਜੇ ਝੰਡੇ ਦੀ ਰਸਮ ਕੀਤੀ ਜਾਵੇਗੀ ਅਤੇ ਸਵੇਰੇ 12 ਵਜੇ ਸਟੇਜ ਦੀ ਆਰੰਭਤਾ ਕੀਤੀ ਜਾਵੇਗੀ। ਪੰਜਾਬ ਦੇ ਪ੍ਰਸਿੱਧ ਗਾਇਕ ਧਾਰਮਿਕ ਗੀਤਾਂ ਅਤੇ ਆਪਣੇ ਪ੍ਰਵਚਨਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਸਮੂਹ ਸਾਧ ਸੰਗਤਾਂ ਦੇ ਸਹਿਯੋਗ ਨਾਲ ਚਾਹ-ਪਕੌੜੇ ਅਤੇ ਠੰਡੇ ਮਿੱਠੇ ਜਲ ਦੀ ਛਬੀਲ ਅਤੇ ਬਾਬਾ ਜੀ ਦਾ ਲੰਗਰ ਵੀ ਅਤੁੱਟ ਵਰਤਾਇਆ ਜਾਵੇਗਾ। ਸੂਦ ਪਰਿਵਾਰ ਦੀ ਸਾਧ ਸੰਗਤ ਨੂੰ ਨਿਮਰਤਾ ਸਹਿਤ ਬੇਨਤੀ ਹੈ ਕਿ ਆਪ ਜੀ ਨੇ ਸਮੂਹ ਪਰਿਵਾਰ ਸਮੇਤ ਮੇਲੇ ਵਿੱਚ ਹਾਜ਼ਰੀ ਭਰ ਕੇ ਮੇਲੇ ਦੀਆਂ ਰੌਣਕਾਂ ਨੂੰ ਹੋਰ ਚਾਰ ਚੰਨ ਲਗਾਉਣ ਦੀ ਕਿਰਪਾਲਤਾ ਕਰਨੀ ਹੈ ਜੀ ਅਤੇ ਵੱਧ ਤੋਂ ਵੱਧ ਸੇਵਾ ਅਤੇ ਸਹਿਯੋਗ ਕਰਨ ਦੀ ਕਿਰਪਾਲਤਾ ਜਰੂਰ ਕਰਨੀ ਹੈ ਜੀ ਖਾਤਾ ਨੰ: 38941913907, IFSC CODE: 0017010 ਸਟੇਟ ਬੈਂਕ ਆਫ ਇੰਡੀਆ ਸਾਖਾ ਸੈਲਾ। ਇਸ ਮੌਕੇ ਹਰਸੁਖਤਿੰਦਰ ਪ੍ਰਸਾਦ ਸੂਦ, ਭਾਗ ਰਾਮ ਸੂਦ, ਤਿਲਕ ਰਾਜ ਸੂਦ, ਰਾਮ ਸਰੂਪ ਸੂਦ, ਦਿਲ-ਾਵਰ ਸਿੰਘ ਸੂਦ, ਬਲਵੰਤ ਰਾਏ ਸੂਦ, ਪਰਮਜੀਤ ਸਿੰਘ ਸੂਦ, ਨਰੇਸ਼ ਸੂਦ, ਬਲਵੰਤ ਰਾਏ ਸੂਦ, ਰਮਨ ਸੂਦ, ਲਖਵੀਰ ਸਿੰਘ ਸੂਦ, ਪਰਮਜੀਤ ਸਿੰਘ ਸੂਦ, ਸੁਖਦੀਪ ਸਿੰਘ ਸੂਦ, ਸੁਰਜੀਤ ਸਿੰਘ ਸੂਦ ਅਤੇ ਮਹਿੰਦਰ ਸੂਦ ਵਿਰਕ ਮੈਂਬਰ ਸਹਿਬਾਨ ਆਦਿ ਹਾਜਰ ਸਨ।

# ਸਤੁੰਨਲ ਵਿਗੜਨ ਕਾਰਨ ਕਾਰ ਪਲਟੀਆਂ ਖਾਂਦੀ ਖੰਭੇ ਵਿੱਚ ਵੱਜੀ, ਕਾਰ ਨੂੰ ਲੱਗੀ ਅੱਗ, ਜਾਨੀ ਨੁਕਸਾਨ ਦਾ ਬਚਾਅ, ਕਾਰ ਬੁਰੀ ਤਰ੍ਹਾਂ ਨਾਲ ਨੁਕਸਾਨੀ ਗਈ

## ਕਾਰ ਸਵਾਰ ਇੱਕ ਹੀ ਪਰਿਵਾਰ ਦੇ ਲੋਕਾਂ ਦਾ ਹੋਇਆਂ ਬਚਾਅ





**ਨਵਾਂਸ਼ਹਿਰ /ਕਾਠਗੜ੍ਹ 5 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਰੋਪੜ੍ਹ ਬਲਾਚੌਰ ਨੈਸ਼ਨਲ ਹਾਈਵੇ ਤੇ ਨੇੜੇ ਪਿੰਡ ਭਰਥਲਾ ਨੇੜੇ ਟੋਲ ਪਲਾਜ਼ਾ ਦੇ ਕੋਲ ਐਕਸੀਡੈਂਟ ਹੋਣ ਦਾ ਸਮਾ-ਚਾਰ ਪ੍ਰਾਪਤ ਹੋਇਆ ਹੈ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ ਐਸ ਐਫ ਟੀਮ ਦੇ ਇੰਚਾਰਜ ਏ ਐਸ ਆਈ ਪ੍ਰਵੀਨ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਹਗੀਰ ਤੋਂ ਸੂਚਨਾ ਪ੍ਰਾਪਤ ਹੋਈ ਸੀ ।ਉਨ੍ਹਾਂ ਨੇ ਤੁਰੰਤ ਜਾ ਕੇ ਦੇਖਿਆ ਕਿ ਇੱਕ ਐਕਸ ਯੂ ਵੀ 700 ਜਿਸ ਦਾ ਨੰਬਰ ਐਚ ਪੀ 63 ਸੀ 4315 ਹੈ ਜੋ ਬਲਾਚੌਰ ਸਾਇਡ ਰੋਪੜ੍ਹ ਸਾਇਡ ਵੱਲ ਜਾ ਰਹੀ ਸੀ ਇਸ ਕਾਰ ਸੰਜੀਵ ਪੁਰੀ ਪੁੱਤਰ ਸੁਗਰੀਵ ਲਾਲ ਵਾਸੀ ਸੰਜੋਲੀ ਸ਼ਿਮਲਾ (ਹਿਮਾਚਲ ਪ੍ਰਦੇਸ਼ )ਚਲਾ ਰਿਹਾ ਜੋ ਕਿ ਆਪਣੇ ਪਰਿਵਾਰ ਸਮੇਤ ਸ੍ਰੀ ਅੰਮ੍ਰਿਤਸਰ ਸਾਹਿਬ ਤੋਂ ਸ਼ਿਮਲਾ ਜਦੋਂ ਕਾਰ ਭਰਥਲਾ ਨੇੜੇ ਟੋਲ ਪਲਾਜ਼ਾ ਬੱਛੂਆਂ ਨੇੜੇ ਤਾਂ ਸਤੁੰਨਲ ਵਿਗੜ ਜਿਸ ਖੰਬੇ ਨਾਲ ਟਕਰਾ ਕਾਰ ਪਲਟ ਗਈ ਜਿਸ ਨਾਲ ਕਾਰ ਨੂੰ ਅੱਗ ਅਤੇ ਕਾਰ ਸੰਜੀਵ ਪੁਰੀ ਅਤੇ ਉਸ ਦੇ ਪਰਿਵਾਰ ਨੂੰ ਮਾਮੂਲੀ ਸੱਟਾਂ ਲੱਗੀਆਂ ਜਿਨ੍ਹਾਂ ਨੂੰ ਮੌਕੇ ਤੇ ਖੜੇ ਲੋਕਾਂ ਕਾਰ ਬਾਹਰ ਕੱਢਿਆ ਅਤੇ ਐਸ ਐਸ ਐਫ ਦੀ ਟੀਮ ਉਨ੍ਹਾਂ ਡਾਕਟਰੀ ਸਹਾਇਤਾ ਦਿੱਤੀ ਜਿਸ ਤੋਂ ਰਾਹਗੀਰਾਂ ਦੀ ਮਦਦ ਗੱਡੀ ਦੀ ਅੱਗ ਬਜਾਈ ਗਈ ਇਸ ਹਾਦਸੇ ਕਾਰ ਬੁਰੀ ਤਰ੍ਹਾਂ ਨਾਲ ਨੁਕਸਾਨੀ ਗਈ ਪਰ ਜਾਨੀ ਨੁਕਸਾਨ ਦਾ ਬਚਾਅ ਹੋ ਗਿਆ ਐਸ ਐਸ ਐਫ ਦੀ ਟੀਮ ਵਲੋਂ ਨੈਸ਼ਨਲ ਹਾਈਵੇ ਅਥਾਰਟੀ ਦੀ ਰਿਕਵਰੀ ਮੰਗਵਾ ਕੇ ਕਾਰ ਨੂੰ ਸਿੱਧਾ ਕਰਵਾ ਸਾਇਡ ਤੇ ਕਰਵਾਇਆ ਅਤੇ ਆਵਾਜਾਈ ਸੁਚਾਰੂ ਢੰਗ ਬਹਾਲ ਕਰਵਾਈ।

# ਸਰਕਾਰੀ ਪ੍ਰਾਇਮਰੀ ਸਕੂਲ ਕਲਸੀਆਂ ਵਿਖੇ ਅਧਿਆਪਕਾ ਮਨਜੀਤ ਕੌਰ ਸੇਵਾਮੁਕਤ ਹੋ ਗਏ

## ਪ੍ਰਭਾਵਸ਼ਾਲੀ ਵਿਦਾਇਗੀ ਸਮਾਰੋਹ ਦਾ ਆਯੋਜਨ ਕੀਤਾ ਗਿਆ



**ਰਾਏਕੋਟ, (ਗੁਰਭਿੰਦਰ ਗੁਰੀ)** ਸਰਕਾਰੀ ਪ੍ਰਾਇਮਰੀ ਸਕੂਲ ਕਲਸੀਆਂ ਵਿਖੇ ਬਤੌਰ ਅਧਿਆਪਕਾ ਆਪਣੀਆਂ ਸੇਵਾਵਾਂ ਨਿਭਾ ਰਹੇ ਮੈਡਮ ਮਨਜੀਤ ਕੌਰ 16 ਸਾਲਾਂ ਦੇ ਲੰਬੇ ਅਤੇ ਸਫ਼ਲ ਕਾਰਜਕਾਲ ਉਪਰੰਤ ਸੇਵਾਮੁਕਤ ਹੋ ਗਏ। ਇਸ ਮੌਕੇ ਸਕੂਲ ਵਿੱਚ ਮੁੱਖ ਅਧਿਆਪਕ ਰਾਜਨ ਸਿੰਘ ਦੀ ਅਗਵਾਈ ਹੇਠ ਇੱਕ ਪ੍ਰਭਾਵਸ਼ਾਲੀ ਵਿਦਾਇਗੀ ਸਮਾਰੋਹ ਦਾ ਆਯੋਜਨ ਕੀਤਾ ਗਿਆ, ਜਿਸ ਵਿੱਚ ਬਲਾਕ ਪ੍ਰਾਇਮਰੀ ਸਿੱਖਿਆ ਅਫਸਰ ਇਤਬਾਰ ਸਿੰਘ ਮੁੱਖ ਮਹਿਮਾਨ ਵਜੋਂ ਹਾਜ਼ਰ ਹੋਏ। ਉਹਨਾਂ ਤੋਂ ਇਲਾਵਾ ਸਕੂਲ ਸਟਾਫ਼, ਵਿਦਿਆਰਥੀਆਂ ਅਤੇ ਪਿੰਡ ਦੀਆਂ ਪ੍ਰਮੁੱਖ ਸ਼ਖ਼ਸੀਅਤਾਂ ਨੇ ਵੀ ਵੱਡੀ ਗਿਣਤੀ ਵਿੱਚ ਸ਼ਮੂਲੀਅਤ ਕੀਤੀ। ਸਮਾਗਮ ਦੌਰਾਨ ਆਪਣੇ ਸੰਬੋਧਨ ਵਿੱਚ ਮੁੱਖ ਮਹਿਮਾਨ ਇਤਬਾਰ ਸਿੰਘ ਨੇ ਮੈਡਮ ਮਨਜੀਤ ਕੌਰ ਦੇ ਸਿੱਖਿਆ ਖੇਤਰ ਵਿੱਚ ਪਾਏ ਯੋਗਦਾਨ ਦੀ ਪ੍ਰਸ਼ੰਸਾ ਕਰਦਿਆਂ ਕਿਹਾ ਕਿ ਉਨ੍ਹਾਂ ਨੇ 16 ਸਾਲ ਬੜੀ ਮਿਹਨਤ, ਲਗਨ ਅਤੇ ਇਮਾਨਦਾਰੀ ਨਾਲ ਵਿਦਿਆਰਥੀਆਂ ਦੇ ਭਵਿੱਖ ਨੂੰ ਸੰਵਾਰਿਆ ਹੈ। ਮੁੱਖ ਅਧਿਆਪਕ ਰਾਜਨ ਸਿੰਘ ਨੇ ਮੈਡਮ ਮਨਜੀਤ ਕੌਰ ਦੀਆਂ ਸਕੂਲ ਨੂੰ ਦਿੱਤੀਆਂ ਸੇਵਾਵਾਂ ਦੀ ਸ਼ਲਾਘਾ ਕਰਦਿਆ ਕਿਹਾ ਕਿ ਇਹ ਸਾਡੇ ਸਕੂਲ ਲਈ ਮਾਣ ਵਾਲੀ ਗੱਲ ਹੈ ਕਿ ਕਿ ਮੈਡਮ ਮਨਜੀਤ ਨੇ ਆਪਣੇ ਸੇਵਾਕਾਲ ਦੀ ਸ਼ੁਰੂਆਤ ਵੀ ਇਸੇ ਸਕੂਲ ਤੋਂ ਕੀਤੀ ਅਤੇ ਲਗਾਤਾਰ 16 ਸਾਲ ਦੀਆਂ ਅਣਥੱਕ ਸੇਵਾਵਾਂ ਤੋਂ ਬਾਅਦ ਅੱਜ ਉਹ ਇਸੇ ਸਕੂਲ ਤੋਂ ਸੇਵਾ ਮੁਕਤ ਹੋ ਰਹੇ ਹਨ। ਇਸ ਮੌਕੇ ਸਮੂਹ ਸਟਾਫ਼ ਅਤੇ ਸਕੂਲ ਪ੍ਰਬੰਧਕ ਕਮੇਟੀ ਵੱਲੋਂ ਮੈਡਮ ਮਨਜੀਤ ਕੌਰ ਨੂੰ ਉਨ੍ਹਾਂ ਦੀਆਂ ਬਿਹਤਰੀਨ ਸੇਵਾਵਾਂ ਬਦਲੇ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ ਗਿਆ ਅਤੇ ਯਾਦਗਾਰੀ ਚਿੰਨ੍ਹ ਭੇਟ ਕੀਤੇ ਗਏ। ਆਪਣੇ ਵਿਦਾਇਗੀ ਭਾਸ਼ਣ ਦੌਰਾਨ ਮੈਡਮ ਮਨਜੀਤ ਕੌਰ ਕਾਫ਼ੀ ਭਾਵੁਕ ਨਜ਼ਰ ਆਏ। ਉਨ੍ਹਾਂ ਨੇ ਸਮੂਹ ਸਟਾਫ਼ ਅਤੇ ਨਗਰ ਨਿਵਾਸੀਆਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਸਕੂਲ ਅਤੇ ਬੱਚਿਆਂ ਨਾਲ ਉਨ੍ਹਾਂ ਦਾ ਰਿਸ਼ਤਾ ਹਮੇਸ਼ਾ ਬਣਿਆ ਰਹੇਗਾ। ਉਨ੍ਹਾਂ ਨੇ ਵਿਦਿਆਰਥੀਆਂ ਨੂੰ ਹੋਰ ਵੀ ਸਖ਼ਤ ਮਿਹਨਤ ਕਰਕੇ ਦੇਸ਼ ਦਾ ਨਾਂ ਰੌਸ਼ਨ ਕਰਨ ਲਈ ਪ੍ਰੇਰਿਤ ਕੀਤਾ। ਇਸ ਮੌਕੇ ਮਾਸਟਰ ਪ੍ਰਸ਼ੋਤਮ ਸਿੰਘ, ਕੁਲਵਿੰਦਰ ਸਿੰਘ, ਬਲਜੀਤ ਸਿੰਘ, ਸਰਪੰਚ ਬਸ਼ੌਰਾ ਸਿੰਘ, ਚੇਅਰਮੈਨ ਪ੍ਰਦੀਪ ਸਿੰਘ, ਮੁਖਤਿਆਰ ਸਿੰਘ ਸਾਬਕਾ ਪੰਚ , ਸਾਬਕਾ ਚੇਅਰਮੈਨ ਬਹਾਦਰ ਸਿੰਘ, ਰੁਪਿੰਦਰ ਕੌਰ, ਕਮਲਦੀਪ ਕੌਰ, ਰੁਪਾਲੀ ਅਰੋੜਾ, ਮਨਦੀਪ ਸਿੰਘ, ਜਗਜੀਤ ਸਿੰਘ, ਪਰਮਿੰਦਰ ਸਿੰਘ, ਪਰਮਜੀਤ ਕੌਰ, ਨਾਮਪ੍ਰੀਤ ਸਿੰਘ, ਰਾਕੇਸ਼ ਮਿੱਤਲ, ਭਾਰਤ ਭੂਸ਼ਣ, ਗੁਰਜੀਤ ਸਿੰਘ, ਵਿਕਰਾਂਤ ਕੋੜਾ, ਪਵਨ ਵਰਮਾਂ, ਰਾਮ ਲਾਲ, ਜਤਿੰਦਰ ਸਿੰਘ, ਹਾਕਮ ਸਿੰਘ, ਪ੍ਰਭਪ੍ਰੀਤ ਕੌਰ, ਕਿਰਨਪ੍ਰੀਤ ਕੌਰ, ਬਲਤੇਜ ਸਿੰਘ, ਸਾਬਰ ਮੁਹੰਮਦ, ਬਲਜਿੰਦਰ ਸਿੰਘ, ਸੰਦੀਪ ਕੌਰ, ਮਹਿਕਪ੍ਰੀਤ ਕੌਰ, ਗੁਰਮੀਤ ਕੌਰ, ਜਸਲੀਨ ਕੌਰ, ਮਿਤਾਜਪ੍ਰੀਤ ਕੌਰ, ਐਡਵੋਕੇਟ ਅਮਨਪ੍ਰੀਤ ਸਿੰਘ, ਸੁਭਾਸ਼ ਚੰਦਰ, ਸੁਭਾਸ਼ ਚੰਦਰ ਕਲਸੀਆਂ, ਰੀਤੂ ਰਾਣੀ, ਗੁਰਪ੍ਰੀਤ ਕੌਰ, ਅਮਰਜੀਤ ਕੌਰ, ਸ਼ਿੰਦਰ ਕੌਰ, ਸੰਦੀਪ ਕੌਰ, ਨੀਰੂ ਬਾਲਾ, ਸੁਖਵੀਰ ਕੌਰ, ਗੁਰਸ਼ਰਨ ਸਿੰਘ, ਅਮਨੀਤ ਕੌਰ, ਹਰਜੀਤ ਕੌਰ, ਹਰਜਿੰਦਰ ਕੌਰ, ਪ੍ਰਦੀਪ ਕੌਰ, ਮਨਦੀਪ ਕੌਰ ਤੋਂ ਇਲਾਵਾ ਮੌਕੇ ਸਕੂਲ ਮੈਨੇਜਮੈਂਟ ਕਮੇਟੀ ਦੇ ਮੈਂਬਰ, ਪਿੰਡ ਦੀ ਪੰਚਾਇਤ, ਬੱਚਿਆਂ ਦੇ ਮਾਪੇ ਅਤੇ ਇਲਾਕੇ ਦੇ ਹੋਰ ਪਤਵੰਤੇ ਸੱਜਣ ਵੀ ਹਾਜ਼ਰ ਸਨ।

# ਪਿੰਡ ਧਾਰ ’ਚ ਵਾਪਰਿਆ ਹਾਦਸਾ, ਕਰੰਟ ਲੱਗਣ ਨਾਲ ਮੁਲਾਜ਼ਮ ਦੀ ਮੌਤ ਹੋਈ

## ਤਿੰਨ ਮਹੀਨੇ ਪਹਿਲਾਂ ਭਰਤੀ ਹੋਇਆ ਸਰਬਜੀਤ ਮਾਪਿਆਂ ਦਾ ਇੱਕਲੌਤਾ ਪੁੱਤਰ

**ਹੁਸ਼ਿਆਰਪੁਰ /ਤਲਵਾੜਾ 5 ਅਪ੍ਰੈਲ ( ਤਰਸੇਮ ਦੀਵਾਨਾ ) –** ਨੇੜਲੇ ਪਿੰਡ ਧਾਰ ਵਿਖੇ ਡਿਊਟੀ ਦੌਰਾਨ ਬਿਜਲੀ ਦਾ ਕਰੰਟ ਲੱਗਣ ਨਾਲ ਨਵਨਿਯੁਕਤ ਸਹਾਇਕ ਲਾਈਨਮੈਨ (ਏਐਲਐਮ) ਦੀ ਮੌਤ ਹੋ ਗਈ ਹੈ। ਘਟਨਾਂ ਬੀਤੇ ਕੱਲ੍ਹ ਦੇਰ ਸ਼ਾਮ ਦੀ ਹੈ। ਮ੍ਰਿਤਕ ਮੁਲਾਜ਼ਮ ਦੀ ਪਛਾਣ ਸਰਬਜੀਤ ਸਿੰਘ (22) ਵਾਸੀ ਪਿੰਡ ਭੰਬੋਤਾੜ੍ਹ ਵਜੋਂ ਹੋਈ ਹੈ। ਪ੍ਰਾਪਤ ਵੇਰਵਿਆਂ ਅਨੁਸਾਰ ਸਬ-ਡਵੀਜ਼ਨ ਤਲਵਾੜਾ ਅਧੀਨ ਸਰਬਜੀਤ ਸਿੰਘ ਨੇ ਕਰੀਬ 3 ਮਹੀਨੇ ਪਹਿਲਾਂ ਹੀ ਬਤੌਰ ਏਐਲਐਮ ਨੌਕਰੀ ਜੁਆਇੰਨ ਕੀਤੀ ਸੀ। ਉਹ ਲੰਘੇ ਕੱਲ੍ਹ ਦੇਰ ਸ਼ਾਮ ਪਿੰਡ ਧਾਰ ਵਿਖੇ ਬੰਦ ਬਿਜਲੀ ਸਪਲਾਈ ਠੀਕ ਕਰਨ ਆਪਣੇ ਸਾਥੀ ਮੁਲਾਜ਼ਮ ਨਾਲ ਗਿਆ ਸੀ, ਤਾਂ ਹਾਈਵੋਲਟੇਜ਼ ਤਾਰਾਂ ਦੇ ਸੰਪਰਕ ’ਚ ਆ ਗਿਆ। ਜਿਸ ਨੂੰ ਬੀਬੀਐਮਬੀ ਹਸਪਤਾਲ ਲੈ ਜਾਇਆ ਗਿਆ। ਜਿੱਥੇ ਡਾਕਟਰਾਂ ਨੇ ਉਸ ਨੂੰ ਮ੍ਰਿਤਕ ਘੋਸ਼ਿਤ ਕਰ ਦਿੱਤਾ। ਸਰਬਜੀਤ ਸਿੰਘ ਆਪਣੇ ਬਜ਼ੁਰਗ ਮਾਪਿਆਂ ਦਾ ਇਕਲੌਤਾ ਪੁੱਤਰ ਸੀ, ਉਸ ਦੀ ਛੋਟੀ ਭੈਣ ਮਾਸਟਰ ਡਿਗਰੀ ਕਰ ਰਹੀ ਹੈ। ਪਿਤਾ ਸਰਵਨ ਸਿੰਘ ਦਿੱਲੀ ’ਚ ਪ੍ਰਾਈਵੇਟ ਕੰਮ ਕਰਦਾ ਹੈ। ਜਦ ਕਿ ਮਾਤਾ ਤਲਵਾੜਾ ਸਥਿਤ ਨਿੱਜੀ ਹਪਸਤਾਲ ’ਚ ਕੰਮ ਕਰਦੀ ਹੈ। ਜਵਾਨ ਪੁੱਤਰ ਦੀ ਮੌਤ ਦੀ ਖ਼ਬਰ ਸੁਣ ਕੇ ਪਰਿਵਾਰਕ ਮੈਂਬਰ ਸਦਮੇ ’ਚ ਹਨ, ਪਿੰਡ ਵਿਚ ਸੋਗ ਦੀ ਲਹਿਰ ਹੈ। ਘਟਨਾਂ ਦੀ ਸੂਚਨਾ ਮਿਲਣ ਉਪਰੰਤ ਸਥਾਨਕ



ਮ੍ਰਿਤਕ ਸਰਬਜੀਤ ਸਿੰਘ ਦੀ ਫਾਈਲ ਫੋਟੋ।

ਪੁਲੀਸ ਮੌਕੇ ’ਤੇ ਪੁੱਜੀ। ਉਨ੍ਹਾਂ ਲਾਸ਼ ਨੂੰ ਕਬਜ਼ੇ ‘ਚ ਲੈ ਲਿਆ। ਪੋਸਟਮਾਰਟਮ ਕਰਵਾ ਕੇ ਮ੍ਰਿਤਕ ਦੇਹ ਵਾਰਸਾਂ ਦੇ ਸਪੁਰਦ ਕਰ ਦਿੱਤੀ। ਭੰਬੋਤਾੜ੍ਹ ਦੇ ਸਰਪੰਚ ਕਮਲ ਕਿਸ਼ੋਰ ਨੇ ਦਸਿਆ ਕਿ ਅੱਜ ਬਾਅਦ ਦੁਪਹਿਰ ਪਿੰਡ ਦੇ ਸ਼ਮਸ਼ਾਨ ਘਾਟ ’ਚ ਸਰਬਜੀਤ ਸਿੰਘ ਦਾ ਅਤਿੰਮ ਸਸਕਾਰ ਕਰ ਦਿੱਤਾ ਹੈ। ਅਤਿੰਮ ਸਸਕਾਰ ’ਚ ਵਿਭਾਗ ਦੇ ਐਕਸਿਅਨ ਗੁਰਪ੍ਰਤਾਪ ਸਿੰਘ, ਵਿਧਾਇਕ ਐਡ ਕਰਮਬੀਰ ਘੁੰਮਣ ਤੋਂ ਇਲਾਵਾ ਖ਼ੇਤਰ ਦੇ ਵੱਖ ਵੱਖ ਧਾਰਮਿਕ, ਸਮਾਜਿਕ ਸੰਗਠਨਾਂ ਤੇ ਸਿਆਸੀ ਧਿਰਾਂ ਦੇ ਨੁੰਮਾਇੰਦੇ ਸ਼ਾਮਲ ਹੋਏ। ਹਾਦਸੇ ਨੇ ਪੰਜਾਬ ਪਾਵਰਕਾਮ ਵਿਭਾਗ ਦੀ ਕਾਰਗੁਜ਼ਾਰੀ ’ਤੇ ਸਵਾਲ ਉੱਠਾਏ ਹਨ। ਵਿਭਾਗ ’ਚ ਵੱਡੇ ਪੱਧਰ ’ਤੇ ਮੁਲਾਜ਼ਮਾਂ ਤੇ ਸੰਸਾਧਨਾ ਦੀ ਘਾਟ ਅਤੇ ਕੰਮ ਦਾ ਬੋਝ ਹਾਦਸਿਆਂ ਨੂੰ ਸੱਦਾ ਦੇ ਰਹੇ ਹਨ। ਮ੍ਰਿਤਕ ਦੇ ਮਾਪਿਆਂ ਅਤੇ ਪਿੰਡ ਦੇ ਮੋਹਤਬਰਾਂ ਨੇ ਹਾਦਸੇ ਦੀ ਉੱਚ ਪੱਧਰੀ ਜਾਂਚ ਦੀ ਮੰਗ ਕੀਤੀ ਹੈ।

# ਜੁਆਇੰਟ ਫੋਰਮ ਏਕਤਾ ਮੰਚ ਗ੍ਰਿਡ ਸਬ ਸਟੇਸ਼ਨ ਯੂਨੀਅਨ ਪੈਨਸ਼ਨਰ ਯੂਨੀਅਨ ਏਟਕ ਦੇ ਸੱਦੇ ਤੇ ਦਿਹਾਤੀ ਸਰਕਲ ਦੇ ਬਿਜਲੀ ਮੁਲਾਜ਼ਮਾਂ ਵੱਲੋਂ ਚੇਤਨਾਂ ਕਨਵੈਨਸ਼ਨ

## 10 ਅਪ੍ਰੈਲ ਨੂੰ ਪਟਿਆਲਾ ਹੈੱਡ ਆਫਿਸ ਧਰਨੇ ਵਿੱਚ ਵੱਡੀ ਗਿਣਤੀ ਵਿੱਚ ਸ਼ਾਮਲ ਹੋਣ ਦਾ ਐਲਾਨ

**ਰਾਏਕੋਟ, 5 ਅਪ੍ਰੈਲ ; ਗੁਰਭਿੰਦਰ ਗੁਰੀ** ਪਾਵਰਕਾਮ ਦੀਆਂ ਪ੍ਰਮੁੱਖ ਜਥੇਬੰਦੀਆ ਜੁਆਇੰਟ ਫੋਰਮ ਏਕਤਾ ਮੰਚ ਗ੍ਰਿਡ ਸਬ ਸਟੇਸ਼ਨ ਯੂਨੀਅਨ ਰਜਿ:24 ਪੈਨਸ਼ਨਰ ਯੂਨੀਅਨ ਏਟਕ ਪੈਨਸ਼ਨਰ ਫੈਲਫੇਅਰ ਫੈਡਰੇਸ਼ਨ ਉਕਤ ਸਮੂਹ ਜਥੇਬੰਦੀਆ ਦੇ ਸਾਂਝੇ ਮੰਚ ਦੇ ਸੱਦੇ ਤੇ ਦਿਹਾਤੀ ਸਰਕਲ ਲੁਧਿਆਣਾਂ ਦੀ ਕਨਵੈਨਸ਼ਨ ਸਰਕਲ ਪ੍ਰਧਾਨ ਹਰਵਿੰਦਰ ਸਿੰਘ,ਪ੍ਰਧਾਨ ਤਰਲੋਚਨ ਸਿੰਘ,ਪ੍ਰਧਾਨ ਜਸਪ੍ਰੀਤ ਸਿੰਘ ਦੇ ਪ੍ਰਧਾਨਗੀ ਮੰਡਲ ਹੇਠ ਕੀਤੀ ਗਈ ਜਿਸ ਵਿੱਚ ਵਿਸੇਸ਼ ਤੌਰ ਤੇ ਗ੍ਰਿਡ ਸਬ ਸਟੇਸ਼ਨ ਯੂਨੀਅਨ ਪੰਜਾਬ ਪ੍ਰਧਾਨ ਜਸਵੀਰ ਸਿੰਘ ਫੈਡਰੇਸ਼ਨ ਏਟਕ ਸੂਬਾ ਮੀਤ ਪ੍ਰਧਾਨ ਕਰਤਾਰ ਸਿੰਘ ਜੋਨ ਕਨਵੀਨਰ ਚਰਨਜੀਤ ਸਿੰਘ ਟੀ ਐਸ ਯੂ ਜੋਨ ਸਕੱਤਰ ਧਰਮਿੰਦਰ ਸਮੇਤ ਆਗੂ ਸਾਮਲ ਹੋਏ ਏਸ ਸਮੇ ਫੈਡਰੇਸ਼ਨ ਏਟਕ ਵੱਲੋਂ ਸਰਕਲ ਪ੍ਰਧਾਨ ਹਰਵਿੰਦਰ ਸਿੰਘ ਲਾਲੂ ਜੋਨ ਆਗੂ ਜਗਮੋਹਣ ਸਿੰਘ ਛੱਜਾਵਾਲ ਗਗਨਦੀਪ ਸਿੰਘ ਮਨਜਿੰਦਰ ਸਿੰਘ ਸੋਨਾ ਸੁਖਦੇਵ ਸਿੰਘ ਕਰਮਿੰਦਰ ਸਿੰਘ ਗਰਮੀਤ ਸਿੰਘ ਖੁਸ਼ਦੀਪ ਸਿੰਘ ਜਸਵਿੰਦਰ ਸਿੰਘ ਜਸਪਾਲ ਸਿੰਘ ਜਰਨੈਲ ਸਿੰਘ ਗੁਰਮੇਲ ਸਿੰਘ ਵਿਰਕ ਗੌਰਵ





ਭਾਰਦਵਾਜ ਟੀ ਐਸ ਯੂ ਵੱਲੋਂ ਸਰਕਲ ਪ੍ਰਧਾਨ ਤਰਲੋਚਨ ਸਿੰਘ ਦਲਜੀਤ ਸਿੰਘ ਮਨਮੋਹਣ ਸਿੰਘ ਅਵਤਾਰ ਸਿੰਘ ਕਲੇਰ ਹਰਵਿੰਦਰ ਸਿੰਘ ਹਰਪ੍ਰੀਤ ਸਿੰਘ ਅਵਤਾਰ ਸਿੰਘ ਗ੍ਰਿਡ ਸਬ ਸਟੇਸ਼ਨ ਯੂਨੀਅਨ ਆਗੂ ਡਵੀਜਨ ਪ੍ਰਧਾਨ ਕੇਵਲ ਕ੍ਰਿਸ਼ਨ ਮੀਤ ਪ੍ਰਧਾਨ ਤੇਜਿੰਦਰ ਸਿੰਘ ਸਮੇਤ ਆਗੂ ਸਹਿਬਾਨ ਵੱਲੋਂ ਸੰਬੋਧਨ ਕਰਦਿਆ ਪਾਵਰਕਾਮ ਮੈਨਜਮੈਂਟ ਤੇ ਪੰਜਾਬ ਸਰਕਾਰ ਵੱਲੋਂ ਮੁਲਾਜਮਾਂ ਦੀਆਂ ਪੈਡਿਗ ਮੰਗਾਂ ਲਾਗੂ ਨਾਂ ਕਰਨ ਦੀ ਨਿੰਦਾ ਕੀਤੀ ਗਈ ਏਸ ਸਮੇਂ ਕਚੇ ਕਾਮੇਂ ਪੱਕੇ ਕਰਨ ਪੁਰਾਣੀ ਪੈਨਸ਼ਨ ਬਹਾਲ ਕਰਨ ਪੈਂਡਿੰਗ ਮਹਿਗਾਈ ਭਤਾ ਰਲੀਜ ਕਰਨ ਸਕੇਲਾਂ ਦਾ ਬਕਾਇਆ ਯਕਮੁਸ਼ਤ ਦੇਣ ਨਵੇਂ ਸਹਾਇਕ ਲਾਈਨਮੈਨ ਦੀ ਹੋਈ ਸਹਿਮਤੀ ਮੁਤਾਬਕ ਬੇਸਿਕ ਲਾਗੂ ਕਰਨ ਨਵੀਂ ਭਰਤੀ ਮੁਲਾਜ਼ਮਾਂ ਤੇ ਛੇਵਾਂ ਪੇ ਸਕੇਲ ਦੇਣ ਖਾਲੀ ਅਸਾਮੀਆਂ ਰੈਗੂਲਰ ਭਰਤੀ ਰਾਂਹੀ ਭਰਨ ਦੀ ਮੰਗ ਕੀਤੀ ਗਈ ਉਕਤ ਮੰਗਾਂ ਦੀ ਪ੍ਰਾਪਤੀ ਲਈ ਦਿਹਾਤੀ ਸਰਕਲ ਸਮੁੱਚੀ ਮੈਂਬਰਸਿਪ ਵੱਲੋਂ 10 ਅਪ੍ਰੈਲ ਹੈਡ ਆਫਿਸ ਧਰਨੇ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਗਿਆ।

# ਸਿੱਖ ਨੈਸ਼ਨਲ ਕਾਲਜ ਬੰਗਾ ਦੇ ਵਿਦਿਆਰਥੀਆਂ ਵੱਲੋਂ ਸ੍ਰੀ ਅਨੰਦਪੁਰ ਸਾਹਿਬ ਦਾ ਵਿਦਿਅਕ ਅਤੇ ਯਾਦਗਾਰੀ ਕਾਲਜ ਟੂਰ

**ਬੰਗਾ/ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)** ਸਿੱਖ ਨੈਸ਼ਨਲ ਕਾਲਜ, ਬੰਗਾ ਦੇ ਪੀ.ਜੀ. ਕਾਮਰਸ ਵਿਭਾਗ ਨੇ ਡਾ. ਕਮਲਦੀਪ ਕੌਰ (ਵਿਭਾਗ ਮੁਖੀ) ਦੀ ਯੋਗ ਅਗਵਾਈ ਹੇਠ, ਵਿਸਾਖੀ ਦੇ ਸ਼ੁਭ ਮੌਕੇ ਨੂੰ ਸਮਰਪਿਤ ਇੱਕ ਵਿਸ਼ੇਸ਼ ਵਿਦਿਅਕ ਅਤੇ ਧਾਰਮਿਕ ਟੂਰ ਦਾ ਆਯੋਜਨ ਕੀਤਾ। ਇਸ ਦੌਰੇ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਸਿੱਖ ਇਤਿਹਾਸ, ਕਦਰਾਂ-ਕੀਮਤਾਂ ਅਤੇ ਅਮੀਰ ਸੱਭਿਆਚਾਰਕ ਵਿਰਾਸਤ ਤੋਂ ਜਾਣੂ ਕਰਵਾਉਣਾ ਸੀ।ਟੂਰ ਦੌਰਾਨ, ਵਿਦਿਆਰਥੀਆਂ ਨੇ ਪਹਿਲਾਂ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ, ਖਾਲਸਾ ਪੰਥ ਦੇ ਜਨਮ ਸਥਾਨ ਅਤੇ ਸਿੱਖ ਧਰਮ ਦੇ ਪੰਜ ਪਵਿੱਤਰ ਤਖ਼ਤਾਂ ਵਿੱਚੋਂ ਇੱਕ ਵਿਖੇ ਮੱਥਾ ਟੇਕਿਆ। ਉਨ੍ਹਾਂ ਨੇ ਗੁਰਦੁਆਰਾ ਸ੍ਰੀ ਸੀਸ ਗੰਜ ਸਾਹਿਬ ਅਤੇ ਗੁਰੂ ਕੇ ਮਹਿਲ ਦਾ ਵੀ ਦੌਰਾ ਕੀਤਾ, ਜਿੱਥੇ ਉਨ੍ਹਾਂ ਨੇ ਅਧਿਆਤਮਿਕ ਸ਼ਾਂਤੀ ਅਤੇ ਸ਼ਰਧਾ ਦਾ ਅਨੁਭਵ ਕੀਤਾ। ਵਿਦਿਆਰਥੀਆਂ ਨੂੰ ਅੱਗੇ ਕਿਲ੍ਹ ਅਨੰਦਗੜ੍ਹ ਲਿਜਾਇਆ ਗਿਆ। ਜਿੱਥੋਂ ਉਹਨਾਂ ਸਿੱਖ ਇਤਿਹਾਸ ਦੀਆਂ ਮਹੱਤਵਪੂਰਨ ਇਤਿਹਾਸਕ ਘਟਨਾਵਾਂ ਬਾਰੇ ਜਾਣਕਾਰੀ ਪ੍ਰਾਪਤ ਕੀਤੀ। ਟੂਰ ਦਾ ਇੱਕ ਮੁੱਖ ਆਕਰਸ਼ਣ ਵਿਰਾਸਤ – ਏ – ਖਾਲਸਾ ਦਾ ਦੌਰਾ ਸੀ, ਜੋ ਕਿ ਲਗਭਗ 500 ਸਾਲਾਂ ਦੇ ਸਿੱਖ ਇਤਿਹਾਸ ਅਤੇ ਵਿਰਾਸਤ ਨੂੰ ਪ੍ਰਦਰਸ਼ਿਤ ਕਰਨ ਵਾਲਾ ਵਿਸ਼ਵ ਪੱਧਰੀ ਅਜਾਇਬ ਘਰ ਹੈ। ਵਿਦਿਆਰਥੀਆਂ ਨੇ ਸਿੱਖ ਗੁਰੂਆਂ ਦੇ ਜੀਵਨ, ਇਤਿਹਾਸਕ ਘਟਨਾਵਾਂ ਅਤੇ ਪੰਜਾਬੀ ਸੱਭਿਆਚਾਰ ਬਾਰੇ ਵਿਸਤ੍ਰਿਤ ਪ੍ਰਦਰਸ਼ਨੀਆਂ ਦੀ ਪੜਚੋਲ ਕੀਤੀ। ਉਨ੍ਹਾਂ ਦੇ ਗਿਆਨ ਨੂੰ ਅਮੀਰ ਬਣਾਇਆ ਅਤੇ ਉਨ੍ਹਾਂ ਦੀ ਇਤਿਹਾਸਕ ਸਮਝ ਨੂੰ



ਡੂੰਘਾ ਕੀਤਾ। ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਨੇ ਇਸ ਪਹਿਲਕਦਮੀ ਦੀ ਸ਼ਲਾਘਾ ਕੀਤੀ ਅਤੇ ਕਿਹਾ, ਕਿ “ਅਜਿਹੇ ਵਿਦਿਅਕ ਟੂਰ ਵਿਦਿਆਰਥੀਆਂ ਦੇ ਇਤਿਹਾਸ, ਸੱਭਿਆਚਾਰ ਅਤੇ ਕਦਰਾਂ-ਕੀਮਤਾਂ ਬਾਰੇ ਜਾਗਰੂਕਤਾ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਕਾਲਜ ਭਵਿੱਖ ਵਿੱਚ ਅਜਿਹੀਆਂ ਹੋਰ ਸਾਰਥਕ ਗਤੀਵਿਧੀਆਂ ਦਾ ਆਯੋਜਨ ਕਰਨ ਲਈ ਵਚਨਬੱਧ ਹੈ।” ਵਿਭਾਗ ਦੀ ਮੁਖੀ ਡਾ. ਕਮਲਦੀਪ ਕੌਰ ਨੇ ਇਹ ਵੀ ਸਾਂਝਾ ਕੀਤਾ ਕਿ, “ਇਸ ਤਰ੍ਹਾਂ ਦੇ ਵਿਦਿਅਕ ਅਤੇ ਧਾਰਮਿਕ ਦੌਰੇ ਵਿਦਿਆਰਥੀਆਂ ਦੇ ਸੰਪੂਰਨ ਵਿਕਾਸ ਲਈ ਜ਼ਰੂਰੀ ਹਨ, ਕਿਉਂਕਿ ਇਹ ਉਨ੍ਹਾਂ ਨੂੰ ਆਪਣੀਆਂ ਜੜ੍ਹਾਂ ਅਤੇ ਵਿਰਾਸਤ ਨਾਲ ਜੋੜਦੇ ਹਨ।” ਡਾ. ਕਮਲਦੀਪ ਕੌਰ ਅਤੇ ਵਿਭਾਗ ਦੇ ਫੈਕਲਟੀ ਮੈਂਬਰਾਂ ਦੇ ਸਮਰਪਿਤ ਯਤਨਾਂ ਨਾਲ ਇਹ ਟੂਰ ਸਫਲਤਾਪੂਰਵਕ ਸੰਪੰਨ ਕੀਤਾ ਗਿਆ। ਪ੍ਰੋ. ਦੀਪਿਕਾ, ਪ੍ਰੋ. ਮਨੀਸ਼ਾ, ਅਤੇ ਸ਼੍ਰੀ ਹਰਮਿੰਦਰ ਸਿੰਘ ਸੱਗੂ (ਦਫ਼ਤਰ ਸਟਾਫ਼) ਵੀ ਵਿਦਿਆਰਥੀਆਂ ਦੇ ਨਾਲ ਰਹੇ ਅਤੇ ਉਨ੍ਹਾਂ ਦੀ ਯਾਤਰਾ ਦੌਰਾਨ ਅਗਵਾਈ ਕੀਤੀ। ਵਿਦਿਆਰਥੀ ਸਮਰਥਜੀਤ ਸਿੰਘ ਅਤੇ ਕਰਨ ਬਸਨਪਾਲ ਨੇ ਟੂਰ ਦੇ ਆਯੋਜਨ ਅਤੇ ਸਮਰਥਨ ਵਿੱਚ ਸ਼ਲਾਘਾਯੋਗ ਭੂਮਿਕਾ ਨਿਭਾਈ, ਅਤੇ ਉਨ੍ਹਾਂ ਦੇ ਯਤਨਾਂ ਦੀ ਵਿਆਪਕ ਤੌਰ 'ਤੇ ਸ਼ਲਾਘਾ ਕੀਤੀ ਗਈ। ਸਾਰੇ ਵਿਦਿਆਰਥੀਆਂ ਨੇ ਇਸ ਦੌਰੇ ਨੂੰ ਇੱਕ ਯਾਦਗਾਰੀ, ਪ੍ਰੇਰਨਾਦਾਇਕ ਅਤੇ ਗਿਆਨ ਭਰਪੂਰ ਅਨੁਭਵ ਦੱਸਿਆ ਜੋ ਆਉਣ ਵਾਲੇ ਸਾਲਾਂ ਤੱਕ ਉਨ੍ਹਾਂ ਦੇ ਨਾਲ ਰਹੇਗਾ।

# ਆਦਿਵਾਸੀ ਇਲਾਕਿਆਂ ਵਿਚ ਜਬਰ ਵਿਰੁੱਧ ਜਮਹੂਰੀ ਫਰੰਟ ਵੱਲੋਂ ਆਯੋਜਤ ਕਨਵੈਨਸ਼ਨ ਨੇ ਕੀਤੀ ਜ਼ੋਰਦਾਰ ਮੰਗ

**ਜੇਲ੍ਹੀਂ ਡੱਕੇ ਬੁੱਧੀਜੀਵੀਆਂ ਅਤੇ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਨੂੰ ਰਿਹਾ ਕੀਤਾ ਜਾਵੇ- ਵਿਚਾਰਧਾਰਾਵਾਂ ਨੂੰ ਜੁਰਮ ਕਰਾਰ ਦੇ ਕੇ ਵਿਚਾਰਾਂ ਦੀ ਆਜ਼ਾਦੀ ਨੂੰ ਖ਼ਤਮ ਕੀਤਾ ਜਾ ਰਿਹਾ - ਸੀਮਾ ਆਜ਼ਾਦ**

**ਲੁਧਿਆਣਾ (ਸਤਨਾਮ ਸਿੰਘ ਸਹੂੰਗੜਾ)** ਅੱਜ ਇੱਥੇ ਓਪਰੇਸ਼ਨ ਗਰੀਨ ਹੰਟ ਵਿਰੋਧੀ ਜਮਹੂਰੀ ਫਰੰਟ ਪੰਜਾਬ ਵੱਲੋਂ ਆਦਿਵਾਸੀਆਂ ਇਲਾਕਿਆਂ ਵਿਚ ਜਬਰ ਵਿਰੁੱਧ ਅਤੇ ਜੇਲ੍ਹਾਂ ਵਿਚ ਡੱਕੇ ਬੁੱਧੀਜੀਵੀਆਂ, ਜਮਹੂਰੀ ਕਾਰਕੁਨਾਂ ਅਤੇ ਸਜ਼ਾ ਪੂਰੀ ਕਰ ਚੁੱਕੇ ਕੈਦੀਆਂ ਦੀ ਰਿਹਾਈ ਲਈ ਨਾਮਵਰ ਜਮਹੂਰੀ ਕਾਰਕੁਨ ਤੇ ਲੇਖਿਕਾ ਸੀਮਾ ਆਜ਼ਾਦ, ਪ੍ਰੋਫੈਸਰ ਏ.ਕੇ.ਮਲੇਰੀ ਅਤੇ ਬੂਟਾ ਸਿੰਘ ਮਹਿਮੂਦਪੁਰ ਦੀ ਪ੍ਰਧਾਨਗੀ ਹੇਠ ਕਨਵੈਨਸ਼ਨ ਕਰਵਾਈ ਗਈ। ਜਿਸ ਵਿਚ ਕਿਸਾਨ, ਮਜ਼ਦੂਰ, ਨੌਜਵਾਨ, ਔਰਤਾਂ, ਤਰਕਸ਼ੀਲ, ਜਮਹੂਰੀ ਹੱਕਾਂ ਦੇ ਝੰਡਾਬਰਦਾਰ, ਲੋਕ ਪੱਖੀ ਲੇਖਕ, ਸਾਹਿਤਕਾਰ ਅਤੇ ਰੰਗਕਰਮੀ ਵੱਡੀ ਗਿਣਤੀ ਵਿਚ ਸ਼ਾਮਲ ਹੋਏ। ਮੁੱਖ ਵਕਤਾ ਸੀਮਾ ਆਜ਼ਾਦ ਨੇ ਆਪਣੇ ਸੰਬੋਧਨ ਵਿਚ ਕਿਹਾ ਕਿ ਭਾਰਤੀ ਰਾਜ ਦਾ ਕਰੂਰ ਜਬਰ ਆਦਿਵਾਸੀ ਇਲਾਕਿਆਂ ਤੱਕ ਸੀਮਤ ਨਹੀਂ, ਸਗੋਂ ਪੂਰੇ ਦੇਸ਼ ਵਿੱਚ ਜੇਲ੍ਹਬੰਦੀ ਅਤੇ ਝੂਠੇ ਕੇਸਾਂ ਰਾਹੀਂ ਜਮਹੂਰੀ ਤੇ ਮਨੁੱਖੀ ਹੱਕਾਂ ਦੀ ਘੋਰ ਉਲੰਘਣਾ ਕੀਤੀ ਜਾ ਰਹੀ ਹੈ। ਬਸਤਰ ਸਮੇਤ ਆਦਿਵਾਸੀ ਖੇਤਰਾਂ ਵਿੱਚ ਚੱਲ ਰਹੇ ਨੀਮ-ਫ਼ੌਜੀ ਓਪਰੇਸ਼ਨਾਂ ਦਾ ਅਸਲ ਮਕਸਦ ਜਲ-ਜੰਗਲ-ਜ਼ਮੀਨ ਸਮੇਤ ਸਭ ਕੁਝ ਕਾਰ-ਪੋਰੇਟ ਹੱਥਾਂ ਵਿੱਚ ਸੌਂਪਣਾ ਹੈ। ਇਸ "ਵਿਕਾਸ" ਮਾਡਲ ਨੇ ਆਦਿਵਾਸੀਆਂ ਦੀ ਤਰਜ਼-ਜ਼ਿੰਦਗੀ, ਸੰਸਕ੍ਰਿਤੀ ਅਤੇ ਜੀਵਨ-ਵਸੀਲੇ ਤਬਾਹ ਕਰ ਦਿੱਤੇ ਹਨ। ਆਦਿਵਾਸੀ ਵਿਰੋਧ ਨੂੰ ਕੁਚਲਣ ਲਈ ਗਾਜ਼ਾ ਦੀ ਤਰਜ਼ 'ਤੇ ਵਿਆਪਕ ਜਾਸੂਸੀ ਅਤੇ ਹਮਲਿਆਂ ਲਈ ਡਰੋਨ ਤਕਨਾਲੋਜੀ ਵਰਤੀ ਜਾ ਰਹੀ ਹੈ ਅਤੇ ਆਦਿਵਾਸੀ ਪਿੰਡ ਘੇਰਾਬੰਦੀ ਦੇ ਸਾਏ ਹੇਠ ਜੀ ਰਹੇ ਹਨ। ਉਨ੍ਹਾਂ ਚੌਕਸ ਕੀਤਾ ਕਿ ਜੇ ਇਨਸਾਫ਼ਪਸੰਦ ਲੋਕ ਇਕਜੁੱਟ ਹੋ ਕੇ ਆਵਾਜ਼ ਨਹੀਂ ਉਠਾਉਂਦੇ ਤਾਂ ਇਹ ਫਾਸ਼ੀ ਹੱਲਾ ਪੰਜਾਬ ਸਮੇਤ ਪੂਰੇ ਦੇਸ਼ ਨੂੰ ਆਪਣੀ ਲਪੇਟ ਵਿਚ ਲੈ ਲਵੇਗਾ। ਉਨ੍ਹਾਂ ਜ਼ੋਰ ਦਿੱਤਾ ਕਿ 'ਨਕਸਲੀ' ਠੱਪਾ ਲਾ ਕੇ ਇਨਕਲਾਬੀ ਲਹਿਰ ਅਤੇ ਆਦਿਵਾਸੀ ਸੰਘਰਸ਼ਾਂ ਨੂੰ ਕੁਚਲਿਆ ਜਾ ਰਿਹਾ ਹੈ ਅਤੇ ਹੁਣ ਵਿਚਾਰਧਾਰਾ ਨੂੰ ਜੁਰਮ ਬਣਾਕੇ 'ਸ਼ਹਿਰੀ ਨਕਸਲੀ' ਦੇ ਬਿਰਤਾਂਤ ਰਾਹੀਂ ਸੱਤਾ ਦੀਆਂ ਆਲੋਚਕ





ਆਵਾਜ਼ਾਂ ਦੀ ਜ਼ਬਾਨਬੰਦੀ ਕੀਤੀ ਜਾ ਰਹੀ ਹੈ। ਜਮਹੂਰੀ ਹੱਕਾਂ ਲਈ ਇਸ ਗੰਭੀਰ ਖ਼ਤਰੇ ਦਾ ਮੁਕਾਬਲਾ ਇਕਜੁੱਟ ਤੇ ਮਜ਼ਬੂਤ ਜਮਹੂਰੀ ਸੰਘਰਸ਼ ਨਾਲ ਕਰਨਾ ਹੋਵੇਗਾ। ਇਕੱਠ ਵਿਚ ਜਸਵਿੰਦਰ ਫਗਵਾੜਾ ਵੱਲੋਂ ਮਤੇ ਪੇਸ਼ ਕੀਤੇ ਗਏ ਜਿਨ੍ਹਾਂ ਵਿਚ ਮੰਗ ਕੀਤੀ ਗਈ ਕਿ ਆਦਿਵਾਸੀ ਖੇਤਰਾਂ 'ਚ "ਓਪਰੇਸ਼ਨ ਕਗਾਰ" ਸਮੇਤ ਹਰ ਤਰ੍ਹਾਂ ਦੇ ਫ਼ੌਜੀ ਓਪਰੇਸ਼ਨ ਬੰਦ ਕੀਤੇ ਜਾਣ, ਸਾਰੇ ਪੁਲਿਸ ਕੈਂਪ ਹਟਾਏ ਜਾਣ ਅਤੇ ਪੁਲਿਸ ਤੇ ਨੀਮ-ਫ਼ੌਜੀ ਬਲ ਵਾਪਸ ਬੁਲਾਏ ਜਾਣ, ਆਦਿਵਾਸੀਆਂ ਨੂੰ ਉਜਾੜਕੇ ਜਲ - ਜੰਗਲ - ਜ਼ਮੀਨ ਤੇ ਖਣਿਜ ਭੰਡਾਰ ਕਾਰਪੋਰੇਟਾਂ ਨੂੰ ਲੁਟਾਉਣੇ ਬੰਦ ਕੀਤੇ ਜਾਣ ਅਤੇ ਲੋਕ ਵਿਰੋਧੀ ਆਰਥਕ ਮਾਡਲ ਰੱਦ ਕੀਤਾ ਜਾਵੇ। ਮਜ਼ਦੂਰ ਵਿਰੋਧੀ ਕਿਰਤ ਕੋਡ, ਯੂਏਪੀਏ, ਅਫਸਪਾ ਸਮੇਤ ਸਾਰੇ ਕਾਲੇ ਕਾਨੂੰਨ ਰੱਦ ਕੀਤੇ, ਕੌਮੀ ਜਾਂਚ ਏਜੰਸੀ ਭੰਗ ਕੀਤੀ ਜਾਵੇ, ਭੀਮਾ-ਕੋਰੇਗਾਓਂ, ਲਖਨਊ ਆਦਿ ਝੂਠੇ ਸਾਜ਼ਿਸ਼ ਕੇਸ ਬਣਾਕੇ ਜੇਲ੍ਹੀਂ ਡੱਕੇ ਬੁੱਧੀਜੀਵੀ ਅਤੇ ਹੱਕਾਂ ਦੇ ਕਾਰਕੁਨ ਰਿਹਾ ਕੀਤੇ ਜਾਣ, ਜੇਲ੍ਹਾਂ ਵਿਚ ਸਾੜੇ ਜਾ ਰਹੇ ਵਿਚਾਰ-ਅਧੀਨ ਅਤੇ ਸਜ਼ਾ ਪੂਰੀ ਕਰ ਚੁੱਕੇ ਸਾਰੇ ਹੀ ਕੈਦੀਆਂ ਨੂੰ ਤੁਰੰਤ ਰਿਹਾ ਕੀਤਾ ਜਾਏ; ਸੰਘਰਸ਼ ਅਤੇ ਜਥੇਬੰਦੀਆਂ ਬਣਾਉਣ ਦਾ ਬੁਨਿਆਦੀ ਜਮਹੂਰੀ ਹੱਕ ਖੋਹਣ ਲਈ ਹਕੂਮਤੀ ਹਮਲੇ ਬੰਦ ਕੀਤੇ ਜਾਣ; ਪੰਜਾਬ ਵਿਚ ਝੂਠੇ ਪੁਲਿਸ ਮੁਕਾਬਲੇ ਬੰਦ ਕੀਤੇ ਜਾਣ; ਗਾਜ਼ਾ ਅਤੇ ਇਰਾਨ ਉੱਪਰ ਅਮਰੀਕੀ-ਇਜ਼ਰਾਇਲੀ ਗੱਠਜੋੜ ਵੱਲੋਂ ਥੋਪੀ ਧਾੜਵੀ ਜੰਗ ਬੰਦ ਕੀਤੀ ਜਾਵੇ; ਭਾਰਤ ਸਰਕਾਰ ਦਹਿਸ਼ਤਗਰਦ ਇਜ਼ਰ-ਾਇਲ ਸਟੇਟ ਨਾਲੋਂ ਕੂਟਨੀਤਕ ਸੰਬੰਧ ਖ਼ਤਮ ਕਰੇ ਅਤੇ ਇਜ਼ਰਾਇਲੀ ਖ਼ੁਫੀਆ ਏਜੰਸੀ ਮੋਸਾਦ ਉੱਪਰ ਰੋਕ ਲਾਵੇ। ਇਜ਼ਰਾਇਲੀ ਸਰਕਾਰ ਵੱਲੋਂ ਇਜ਼ਰਾਇਲੀਆਂ ਦੇ ਕਥਿਤ ਕਤਲ ਕਰਨ ਵਾਲੇ ਫ਼ਲਸਤੀਨੀਆਂ ਨੂੰ ਮੌਤ ਦੀ ਸਜ਼ਾ ਦੇਣ ਲਈ ਕਾਨੂੰਨ ਪਾਸ ਕਰਨ ਦੀ ਵੀ ਸਖ਼ਤ ਨਿਖੇਧੀ ਕੀਤੀ ਗਈ। ਇਸ ਮੌਕੇ ਪੰਜਾਬੀ ਸਾਹਿਤ ਅਕਾਦਮੀ ਲੁਧਿਆਣਾ ਦੇ ਪ੍ਰਧਾਨ ਗੁਲਜ਼ਾਰ ਸਿੰਘ ਪੰਧੇਰ, ਜਮਹੂਰੀ ਅਧਿਕਾਰ ਸਭਾ ਪੰਜਾਬ ਦੇ ਸੂਬਾ ਪ੍ਰਧਾਨ ਪ੍ਰੋਫੈਸਰ ਜਗਮੋਹਣ ਸਿੰਘ, ਸੁਰਖ਼ ਲੀਹ ਦੇ ਸੰਪਾਦਕ ਜਸਪਾਲ ਜੱਸੀ, ਪਲਸ ਮੰਚ ਦੇ ਪ੍ਰਧਾਨ ਅਮੋਲਕ ਸਿੰਘ, ਜਨਰਲ ਸਕੱਤਰ ਕੰਵਲਜੀਤ ਖੰਨਾ, ਤਰਕਸ਼ੀਲ ਸੁਸਾਇਟੀ ਦੇ ਸੂਬਾ ਜਥੇਬੰਦਕ ਮੁਖੀ ਰਜਿੰਦਰ ਭਦੌੜ, ਡਾ. ਅਰੁਣ ਮਿੱਤਰਾ, ਡਾ. ਹਰਬੰਸ ਸਿੰਘ ਗਰੇਵਾਲ, ਜਸਵੰਤ ਜੀਰਖ, ਕਸਤੂਰੀ ਲਾਲ, ਐਡਵੋਕੇਟ ਅਮਨ, ਹਰੀਸ਼ ਪੱਖੋਵਾਲ, ਸਵਰਨਜੀਤ ਸਿੰਘ, ਸੁਖਦੇਵ ਫਗਵਾੜਾ, ਬਲਵੀਰ ਲੌਂਗੋਵਾਲ, ਐਡਵੋਕੇਟ ਹਰਪ੍ਰੀਤ ਜੀਰਖ,ਸਤੀਸ਼ ਸਚਦੇਵਾ ਸਮੇਤ ਬਹੁਤ ਸਾਰੀਆਂ ਜਨਤਕ ਜਮਹੂਰੀ, ਸਾਹਿਤਕ-ਸੱਭਿਆਚਾਰਕ ਸ਼ਖ਼ਸੀਅਤਾਂ ਹਾਜ਼ਰ ਸਨ। ਮੁੱਖ ਵਕਤਾ ਨੂੰ ਸਨਮਾਨਤ ਕੀਤਾ ਗਿਆ। ਇਨਕਲਾਬੀ ਗਾਇਕਾਂ ਗੁਰਮੀਤ ਜੱਜ, ਕਸਤੂਰੀ ਲਾਲ, ਬਰਿਜ ਰਾਜੇਆਣਾ ਅਤੇ ਮੌਸਮ ਵੱਲੋਂ ਗੀਤ ਪੇਸ਼ ਕੀਤੇ ਗਏ ਅਤੇ ਹਾਜ਼ਰੀਨ ਦਾ ਧੰਨਵਾਦ ਪ੍ਰੋਫੈਸਰ ਮਲੇਰੀ ਵੱਲੋਂ ਕੀਤਾ ਗਿਆ।

# ਮਹਿਲ ਕਲਾਂ ਦੀ ਨੂੰਹ ਦੀ ਮੌਤ ਮਾਮਲੇ ਨੇ ਫੜੀ ਤੀਬਰਤਾ, ਹਸਪਤਾਲ ਅੱਗੇ ਧਰਨਾ ਜਾਰੀ

**ਸਮਾਜਿਕ ਅਤੇ ਜਨਤਕ ਜਥੇਬੰਦੀਆਂ ਨੇ ਲੁਧਿਆਣਾ ਦੇ ਸੀਰਤ ਹਸਪਤਾਲ ਅੱਗੇ ਧਰਨਾ ਲਗਾ ਦਿੱਤਾ। ਪ੍ਰਦਰਸ਼ਨਕਾਰੀਆਂ ਨੇ ਦੋਸ਼ੀ ਡਾਕਟਰਾਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ**

**ਮਹਿਲ ਕਲਾਂ/ਲੁਧਿਆਣਾ, 5 ਅਪ੍ਰੈਲ:ਗੁਰਭਿੰਦਰ ਗੁਰੀ** ਮਹਿਲ ਕਲਾਂ ਦੇ ਡਾਕਟਰ ਡਾ. ਮਿੱਠੂ ਮੁਹੰਮਦ ਦੇ ਪਰਿਵਾਰ ਨਾਲ ਵਾਪਰੇ ਦੁਖਦਾਈ ਹਾਦਸੇ ਨੇ ਹੁਣ ਗੰਭੀਰ ਰੂਪ ਧਾਰ ਲਿਆ ਹੈ। ਜਣੇਪੇ ਦੌਰਾਨ ਮੌਤ ਦਾ ਸ਼ਿਕਾਰ ਹੋਈ ਨਾਜ਼ੀਆ ਪ੍ਰਵੀਨ ਦੇ ਮਾਮਲੇ ਵਿੱਚ ਪਰਿਵਾਰ ਅਤੇ ਸਮਾਜਿਕ ਜਥੇਬੰਦੀਆਂ ਵੱਲੋਂ ਇਨਸਾਫ਼ ਦੀ ਮੰਗ ਤੇਜ਼ ਹੋ ਗਈ ਹੈ।
ਮ੍ਰਿਤਕਾ ਦੇ ਪਰਿਵਾਰਕ ਮੈਂਬਰਾਂ ਨੇ ਦੋਸ਼ ਲਗਾਇਆ ਹੈ ਕਿ ਹਸਪਤਾਲ ਦੇ ਡਾਕਟਰਾਂ ਦੀ ਲਾਪਰਵਾਹੀ ਕਾਰਨ ਇੱਕ ਨੌਜਵਾਨ ਮਹਿਲਾ ਦੀ ਜ਼ਿੰਦਗੀ ਚਲੀ ਗਈ। ਉਨ੍ਹਾਂ ਦਾ ਕਹਿਣਾ ਹੈ ਕਿ ਡਿਲੀਵਰੀ ਤੋਂ ਬਾਅਦ ਜਦੋਂ ਨਾਜ਼ੀਆ ਦੀ ਹਾਲਤ ਵਿਗੜਣ ਲੱਗੀ, ਤਾਂ ਡਾਕਟਰੀ ਸਟਾਫ਼ ਵੱਲੋਂ ਸਮੇਂ ਸਿਰ ਠੀਕ ਇਲਾਜ ਨਹੀਂ ਦਿੱਤਾ ਗਿਆ।






ਇਸ ਮਾਮਲੇ ਨੂੰ ਲੈ ਕੇ ਮਹਿਲ ਕਲਾਂ ਅਤੇ ਮਲੇਰਕੋਟਲਾ ਤੋਂ ਆਈਆਂ ਵੱਖ-ਵੱਖ ਸਮਾਜਿਕ ਅਤੇ ਜਨਤਕ ਜਥੇਬੰਦੀਆਂ ਨੇ ਲੁਧਿਆਣਾ ਦੇ ਸੀਰਤ ਹਸਪਤਾਲ ਅੱਗੇ ਧਰਨਾ ਲਗਾ ਦਿੱਤਾ। ਪ੍ਰਦਰਸ਼ਨਕਾਰੀਆਂ ਨੇ ਦੋਸ਼ੀ ਡਾਕਟਰਾਂ ਖ਼ਿਲਾਫ਼ ਸਖ਼ਤ ਕਾਨੂੰਨੀ ਕਾਰਵਾਈ ਕਰਨ ਦੀ ਮੰਗ ਕੀਤੀ ਹੈ। ਧਰਨੇ ਦੌਰਾਨ ਆਗੂਆਂ ਨੇ ਕਿਹਾ ਕਿ ਜਦ ਤੱਕ ਦੋਸ਼ੀਆਂ ਖ਼ਿਲਾਫ਼ ਪਰਚਾ ਦਰਜ ਕਰਕੇ ਉਨ੍ਹਾਂ ਨੂੰ ਗ੍ਰਿਫ਼ਤਾਰ ਨਹੀਂ ਕੀਤਾ ਜਾਂਦਾ, ਉਹ ਆਪਣਾ ਸੰਘਰਸ਼ ਜਾਰੀ ਰੱਖਣਗੇ। ਪਰਿਵਾਰ ਨੇ ਵੀ ਸਪਸ਼ਟ ਕਰ ਦਿੱਤਾ ਹੈ ਕਿ ਇਨਸਾਫ਼ ਮਿਲਣ ਤੋਂ ਬਿਨਾਂ ਮ੍ਰਿਤਕਾ ਦਾ ਅੰਤਿਮ ਸੰਸਕਾਰ ਨਹੀਂ ਕੀਤਾ ਜਾਵੇਗਾ।

ਉਧਰ, ਮੌਕੇ 'ਤੇ ਪੁੱਜੀ ਪੁਲਿਸ ਵੱਲੋਂ ਹਾਲਾਤਾਂ ਨੂੰ ਕਾਬੂ ਵਿੱਚ ਰੱਖਣ ਲਈ ਕਦਮ ਚੁੱਕੇ ਜਾ ਰਹੇ ਹਨ ਅਤੇ ਦੋਹਾਂ ਪੱਖਾਂ ਦੇ ਬਿਆਨ ਦਰਜ ਕੀਤੇ ਜਾ ਰਹੇ ਹਨ। ਪੁਲਿਸ ਅਧਿਕਾਰੀਆਂ ਦਾ ਕਹਿਣਾ ਹੈ ਕਿ ਜਾਂਚ ਪੂਰੀ ਤਰ੍ਹਾਂ ਨਿਰਪੱਖ ਤਰੀਕੇ ਨਾਲ ਕੀਤੀ ਜਾਵੇਗੀ ਅਤੇ ਜੋ ਵੀ ਦੋਸ਼ੀ ਪਾਇਆ ਗਿਆ ਉਸ ਖ਼ਿਲਾਫ਼ ਕਾਨੂੰਨੀ ਕਾਰਵਾਈ ਕੀਤੀ ਜਾਵੇਗੀ।
ਫਿਲਹਾਲ, ਹਸਪਤਾਲ ਦੇ ਬਾਹਰ ਤਣਾਅਪੂਰਨ ਮਾਹੌਲ ਬਣਿਆ ਹੋਇਆ ਹੈ ਅਤੇ ਇਲਾਕੇ ਵਿੱਚ ਪੁਲਿਸ ਦੀ ਤਾਇਨਾਤੀ ਵਧਾ ਦਿੱਤੀ ਗਈ ਹੈ।



# ਰੋਡ ਸੇਫਟੀ ਓਮਨੀ ਫਾਊਂਡੇਸ਼ਨ ਵਲੋਂ ਟ੍ਰੈਫਿਕ ਨਿਯਮਾਂ ਤੇ ਨਸ਼ਾ ਮੁਕਤੀ ਅਭਿਆਨ ਤਹਿਤ ਜਾਣਕਾਰੀ ਦਿੱਤੀ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)** ਰੋਡ ਸੇਫਟੀ ਓਮਨੀ ਫਾਉਂਡੇਸ਼ਨ ਵਲੋਂ ਅੱਜ ਡਿਪਟੀ ਕਮਿਸ਼ਨਰ ਆਸ਼ਿਕਾ ਜੈਨ ਅਤੇ ਆਰ ਟੀ ਓ ਅਮਨਦੀਪ ਕੌਰ ਘੁੰਮਣ ਜੀ ਦੇ ਦਿਸ਼ਾ ਨਿਰਦੇਸ਼ਾ ਅਨੁਸਾਰ ਅਤੇ ਮਹਿਲਾ ਪੁਲਿਸ ਦੇ ਸਹਿਯੋਗ ਨਾਲ ਪਬਲਿਕ ਨੂੰ ਦੋ ਪਹੀਆ ਵਾਹਨਾਂ ਤੇ ਹੈਲਮੇਟ ਪਾਉਣ ਦੀ ਮਹੱਤਤਾ ਦਸੀ ਗਈ। ਕਾਰ ਸਵਾਰਾਂ ਨੂੰ ਸੀਟ ਬੈਲਟ ਦੀ ਜਾਣਕਾਰੀ ਦਿੱਤੀ ਗਈ। ਆਮ ਜਨਤਾ ਵਲੋ ਪੂਰਨ ਸਹਿਯੋਗ ਦਿੱਤਾ ਤੇ ਸੜਕ ਨਿਯਮਾਂ ਦੀ ਪਾਲਣ ਲਈ ਭਰੋਸਾ ਵੀ ਦਿੱਤਾ । ਜਨਤਾ ਨੂੰ ਸੜਕ ਸੁਰੱਖਿਆ ਦੇ ਨਾਲ ਨਸ਼ੇ ਤੋਂ ਦੂਰ ਰਹਿਣ ਦੀ ਅਪੀਲ ਕੀਤੀ ਗਈ। ਨਸ਼ਾ ਇਕ ਜਾਨ ਲੇਵਾ ਬਿਮਾਰੀ ਹੈ, ਇਸ ਤੋਂ ਸਾਨੂੰ ਸਾਰਿਆ ਨੂੰ ਦੂਰ ਰਹਿਣਾ ਚਾਹੀਦਾ। ਰੋਡ ਸੇਫਟੀ ਓਮਨੀ ਫਾਉਂਡੇਸ਼ਨ ਵਲੋਂ ਨਾਲ ਅਵਾਰਾ ਪਸ਼ੂਆਂ ਦੇ ਗਲਾ 'ਚ ਰਿਫਲੈਕਟਰ ਬੈਲਟਾਂ ਵੀ ਪਾਈਆਂ ਗਈਆਂ, ਜੋਂ ਰਾਤ ਦੇ ਸਮੇਂ ਦੁਰਘਟਨਾ ਤੋ ਬਚਾਓ ਕਰਦਿਆ ਨੇ। ਇਸ ਮੌਕੇ ਰੋਡ ਸੇਫਟੀ ਓਮਨੀ ਫਾਉਂਡੇਸ਼ਨ ਦੇ ਵਾਈਸ ਪ੍ਰਧਾਨ ਸਨੀ ਸੈਣੀ, ਮੈਂਬਰ ਮਨਵੀਰ ਸਿੰਘ ਅਤੇ ਪੰਜਾਬ ਪੁਲਿਸ ਦੀ ਮਹਿਲਾ ਪੁਲਿਸ ਮੌਜੂਦ ਰਹੀ।

# ਕੁਦਰਤੀ ਆਫਤ ਨਾਲ ਨੁਕਸਾਨੀ ਗਈ ਫਸਲ ਦੇ ਤੁਰੰਤ ਮੁਆਵਜ਼ੇ ਦਾ ਐਲਾਨ ਕਰੇ ਸਰਕਾਰ - ਕਮਾਲਪੁਰਾ / ਚੱਕ ਭਾਈ ਕਾ

## 6 ਅਪ੍ਰੈਲ ਨੂੰ ਏਡੀਸੀ ਜਗਰਾਉ ਦਾ ਕੀਤਾ ਜਾ ਰਿਹਾ ਘਿਰਾਓ





**ਰਾਏਕੋਟ (ਗੁਰਭਿੰਦਰ ਗੁਰੀ)** ਪਿਛਲੇ ਦਿਨੀਂ ਮੌਸਮ ਦੇ ਕਹਿਰਵਾਨ ਹੋਣ ਕਾਰਨ ਪੰਜਾਬ ਵਿੱਚ ਲਗਭਗ 25 ਹਜ਼ਾਰ ਏਕੜ ਫਸਲ ਤਬਾਹ ਹੋ ਚੁੱਕੀ ਹੈਂ ਜੋਕਿ ਪਹਿਲਾਂ ਹੀ ਆਰਥਿਕ ਸੰਕਟ ਨਾਲ ਜੂਝ ਰਹੀਂ ਕਿਰਸਾਨੀ ਨੂੰ ਹੋਰ ਡੂੰਘੇ ਸੰਕਟ ਵਿਚ ਡੋਬ ਰਹੀਂ ਹੈਂ ਕਿਉਂਕਿ ਝੋਨੇ ਦੀ ਪੈਦਾਵਾਰ ਘੱਟ ਨਿਕਲਣ ਕਾਰਨ, ਫ਼ਿਰ ਆਲੂ ਦੀ ਬੇਕਦਰੀ ਹੋਣ ਕਰਕੇ ਅਤੇ ਹੁਣ ਭਾਰੀ ਗੜੇਮਾਰੀ ਹੋਣ ਕਾਰਨ ਕਿਰਸਾਨੀ ਤੇ ਵੱਡਾ ਕਹਿਰ ਹੋ ਰਿਹਾ ਹੈਂ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਭਾਰਤੀ ਕਿਸਾਨ ਯੂਨੀਅਨ ਡਕੌਂਦਾ (ਬੁਰਜਗਿੱਲ) ਦੇ ਜ਼ਿਲ੍ਹਾ ਪ੍ਰਧਾਨ ਮਾਸਟਰ ਮਹਿੰਦਰ ਸਿੰਘ ਕਮਾਲਪੁਰਾ ਤੇ ਜ਼ਿਲ੍ਹਾ ਮੀਤ ਪ੍ਰਧਾਨ ਹਰਬਖਸ਼ੀਸ਼ ਸਿੰਘ ਰਾਏ ਚੱਕ ਭਾਈ ਕਾ ਨੇ ਪ੍ਰੈੱਸ ਨਾਲ ਸਾਂਝਾ ਬਿਆਨ ਜਾਰੀ ਕਰਦਿਆ ਕੀਤਾ। ਇਸ ਸਮੇਂ ਕਿਸਾਨ ਆਗੂਆਂ ਨੇ ਕੇਂਦਰ ਸਰਕਾਰ ਤੋਂ ਪੰਜਾਬ ਦੇ ਇਸ ਨੁਕਸਾਨ ਲਈ ਵਿਸ਼ੇਸ਼ ਪੈਕੇਜ ਦੀ ਮੰਗ ਕੀਤੀ ਅਤੇ ਪੰਜਾਬ ਸਰਕਾਰ ਨੂੰ ਤੁਰੰਤ ਗਿਰਦਾਵਰੀ ਕਰਵਾਕੇ 100 ਫ਼ੀਸਦੀ ਮੁਆਵਜ਼ਾ ਜਾਰੀ ਕਰਨ ਦੀ ਮੰਗ ਕੀਤੀ ਤਾਂ ਜੋ ਆਰਥਿਕ ਪੱਖ ਤੋਂ ਡੁੱਬ ਰਹੇ ਕਿਸਾਨਾਂ ਦੀ ਬਾਂਹ ਫੜੀ ਜਾ ਸਕੇ।

# ਸ਼ਹੀਦ ਭਗਤ ਸਿੰਘ ਲੀਜੈਂਡਸ ਬਲਾਕ ਬੰਗਾ ਨੇ ਕਲੱਬ ਦਾ ਉਦਘਾਟਨੀ ਫੁੱਟਬਾਲ ਮੈਚ ਕਰਵਾਇਆ







**(ਚਰਨਜੀਤ ਸੱਲ੍ਹਾਂ)** ਨੈਸ਼ਨਲ ਫੁੱਟਬਾਲਰ ਗਿਆਨ ਚੰਦ ਪਾਠਕ ਦੀ ਅਗਵਾਈ ਵਿੱਚ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਸਾਰਥਕ ਕਰਨ ਲਈ ਪ੍ਰਿੰਸੀਪਲ ਡਾ. ਤਰਸੇਮ ਸਿੰਘ ਭਿੰਡਰ ਸ਼ਿੱਖ ਨੈਸ਼ਨਲ ਕਾਲਜ ਬੰਗਾ ਦੇ ਸਹਿਯੋਗ ਨਾਲ ਸਿੱਖ ਨੈਸ਼ਨਲ ਕਾਲਜ ਦੀ ਗਰਾਉਂਡ ਵਿੱਚ ਸ਼ਹੀਦ ਭਗਤ ਸਿੰਘ ਲੀਜੈਂਡਸ ਫੁੱਟਬਾਲ ਕਲੱਬ ਬਲਾਕ ਬੰਗਾ ਅਤੇ ਡੇਲੀ ਮੌਰਨਿੰਗ ਫੁੱਟਬਾਲ ਕਲੱਬ ਨਵਾਂਸਹਿਰ ਦੀਆਂ ਟੀਮਾ ਵਿਚਕਾਰ ਪਹਿਲਾ ਉਦਘਾਟਨੀ ਫਰੈਂਡਲੀ ਮੈਚ ਖੇਡਿਆ ਗਿਆ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਡੈਲੀ ਮੋਰਨਿੰਗ ਫੁੱਟਬਾਲ ਕਲੱਬ ਦੇ ਪ੍ਰਧਾਨ ਅਜੇ ਮਹਿਰਾ ਅਤੇ ਚੈਅਰਮੈਨ ਤਰਸੇਮ ਲਾਲ ਜ਼ਿਲ੍ਹਾ ਸਮੂਹ ਸਿੱਖਿਆ ਤੇ ਸੂਚਨਾ ਅਫ਼ਸਰ ਹੁਸ਼ਿਆਰਪੁਰ ਨੇ ਦੱਸਿਆ ਕਿ ਇਸ ਮੈਚ ਦਾ ਉਦਘਾਟਨ ਡਾ. ਬਲਬੀਰ ਕੁਮਾਰ ਮਹਿਰਮਪੁਰੀ ਸਿਵਲ ਸਰਜਨ ਸੇਵਾ ਮੁਕਤ ਹੁਸ਼ਿਆਰਪੁਰ ਅਤੇ ਕਿਰਪਾਲ ਸਿੰਘ ਝੱਲੀ ਜਿਲਾ ਸਮੂਹ ਸਿੱਖਿਆ ਤੇ ਸੂਚਨਾ ਅਫਸਰ ਸੇਵਾ ਮੁਕਤ ਜਲੰਧਰ ਵਲੋਂ ਸਾਂਝੇ ਤੌਰ ਤੇ ਕੀਤਾ।

ਉਹਨਾਂ ਨੇ ਦੱਸਿਆ ਕਿ ਇਸ ਮੁਕਾਬਲੇ ਵਿੱਚ ਵਿਚ ਡੇਲੀ ਮੌਰਨਿੰਗ ਫੁਟਬਾਲ ਕਲੱਬ ਨਵਾਂਸ਼ਹਿਰ ਦੀ ਟੀਮ 1-0 ਨਾਲ ਜੇਤੂ ਰਹੀ ਇਹ ਗੋਲ ਐਸ਼ ਮੁਖਤਿਆਰ ਰਾਏ ਵਲੋਂ ਟੀਮ ਦੇ ਖਿਡਾਰੀਆਂ ਵਿਚਕ-ਾਰ ਵਧੀਆ ਟੱਚ ਬਣਾਉਂਦਿਆਂ ਕੀਤਾ ਗਿਆ। ਦੂਸਰੇ ਹਾਫ ਵਿੱਚ ਸ਼ਹੀਦ ਭਗਤ ਸਿੰਘ ਲੀਜੈਂਡਸ ਬੰਗਾ ਬਲਾਕ ਦੀ ਟੀਮ ਨੇ ਗੋਲ ਬਰਾਬਰ ਕਰਨ ਦੀ ਕਾਫੀ ਕੋਸ਼ਿਸ਼ ਕੀਤੀ ਪਰ ਉਹ ਵਰਿੰਦਰ ਸਿੰਘ, ਤਰਸੇਮ ਲਾਲ, ਮਿੰਟਾਂ ਗੁਜ਼ਰ ਪੂਰੀਆਂ, ਗੁਰਦੀਪ ਭੱਟੀ ਦੀ ਵਧੀਆਂ ਡਿਫੈਂਸ ਅਤੇ ਅਜੇ ਸਰੀਨ ਦੀ ਵਧੀਆਂ ਗੋਲਕੀਪੰਗ ਕਰਕੇ ਕੋਈ ਵੀ ਗੋਲ ਨਹੀਂ ਕਰ ਸਕੇ।ਇਸ ਮੌਕੇ ਮੁੱਖ ਮਹਿਮਾਨ ਡਾਕਟਰ ਬਲਵੀਰ ਕੁਮਾਰ ਜੀ ਵਲੋਂ 10 ਹਜ਼ਾਰ ਰੁਪਏ ਦੀ ਸਹਾਇਤਾ ਖਿਡਾਰੀਆਂ ਨੂੰ ਕੀਤੀ ਗਈ। ਡਾਕਟਰ ਬਲਵੀਰ ਕੁਮਾਰ ਨੇ ਕਿਹਾ ਕਿ ਖੇਡਾਂ ਸਾਡੇ ਜੀਵਨ ਦਾ ਅੰਗ ਹਨ । ਸਰੀਰ ਨੂੰ ਤੰਦਰੁਸਤ ਰੱਖਣ ਲਈ ਸਾਰਿਆਂ ਨੂੰ ਸਵੇਰੇ ਜਲਦੀ ਉੱਠ ਕੇ ਸੈਰ ਕਰਨੀ ਬਹੁਤ ਜਰੂਰੀ ਹੈ। ਖੇਡਾਂ ਸਾਨੂੰ ਆਪਸੀ ਪਿਆਰ, ਤਾਲਮੇਲ ਅਤੇ ਅਨੁਸ਼ਾਸਨ ਵਿੱਚ ਰਹਿਣ ਲਈ ਪ੍ਰੇਰਦੀਆਂ ਹਨ। ਜ਼ੇਕਰ ਖਿਡਾਰੀ ਖੇਡਾਂ ਤੇ ਗਰਾਉਡਾ ਨਾਲ਼ ਜੁੜਨਗੇ ਤਾਂ ਯੁੱਧ ਨਸ਼ਿਆਂ ਵਿਰੁੱਧ ਮੁਹਿੰਮ ਨੂੰ ਅਸੀਂ ਸਾਰਥਕ ਕਰ ਸਕਦੇ ਹਾਂ।ਇਸ ਮੌਕੇ ਨੈਸ਼ਨਲ ਫੁੱਟਬਾਲਰ ਗਿਆਨ ਚੰਦ ਪਾਠਕ ਵਲੋਂ ਡਾ. ਬਲਬੀਰ ਕੁਮਾਰ ਮਹਿਰਮਪੁਰੀ ਅਤੇ ਕਿਰਪਾਲ ਸਿੰਘ ਝੱਲੀ ਨੂੰ ਸਨਮਾਨ ਚਿੰਨ੍ਹ ਦੇ ਕੇ ਸਨਮਾਨਿਤ ਵੀ ਕੀਤਾ ਗਿਆ। ਇਸ ਮੌਕੇ ਡਾ. ਮਨਮੋਹਨ ਸਿੰਘ ਸੀ.ਐਚ. ਓ ਮੰਗੂਵਾਲ, ਡੈਲੀ ਮੋਰਨਿੰਗ ਫੁੱਟਬਾਲ ਕਲੱਬ ਦੇ ਸੈਕਟਰੀ ਅਜੇ ਸਰੀਨ,ਹੈਰੀ ਸਿੰਘ,ਜੱਸਾ ਸਿੰਘ, ਮੰਜੂ ਬਾਲੀ,ਪਵਨ ਕੁਮਾਰ, ਗੁਰਦੀਪ ਗੁਰੂ,ਪ੍ਰੋਫੈਸਰ ਸਰਬਜੀਤ ਸਿੰਘ ਮੰਗੂਵਾਲ ,ਅਵਤਾਰ ਸਿੰਘ ਦੋਲਤ ਪੂਰ,ਮਾਸਟਰ ਅਮਰਜੀਤ ਸਿੰਘ, ਜਸਵੀਰ ਸਿੰਘ ਨੌਰਾ, ਦਵਿੰਦਰ ਸਿੰਘ, ਕੁਲਵਿੰਦਰ ਸਿੰਘ,ਸਿੰਦਾ ਸਿੰਘ, ਵਿਪਨ ਰਾਣਾ ਸੈਖੂਪੂਰ, ਗੁਰਨ-ਾਮ ਸਿੰਘ ਗਾਮਾ ਆਦਿ ਵਲੋਂ ਸਪੂਰਨ ਸਹਿਯੋਗ ਦਿੱਤਾ ਗਿਆ।

# ਲੋੜਾਂ ਤੇ ਇ



ਤੇਰੇ ਸੋਹਣੇ ਪਿੰਡ ਰੰਚਣਾਂ ਵਿੱਚ ,
ਮੇਰਾ ਵੀ ਆਉਂਣ ਨੂੰ ਜੀਅ ਕਰਦੈ ।
ਤਨ ਤੇ ਮਨ ਦੇ ਰੰਗਲੇ ਵਿਹੜੇ ਨੂੰ ,
ਪੂਰਾ ਮਹਿਕਾਉਂਣ ਨੂੰ ਜੀਅ ਕਰਦੈ ।
ਨਾਲੇ ਏਸ ਬਹਾਨੇ ਅਪਣੇ ਦਿਲ ਦੀ ,
ਕੋਈ ਗੱਲ ਵੀ ਤੈਨੂੰ ਕਹੀ ਜਾਊ ;
ਰੁਲਦੂ ਸਿੰਆਂ ਤੈਨੂੰ ਇੱਕ ਅਪ੍ਰੈਲ ਨੂੰ ,
ਮੂਰਖ਼ ਬਣਾਉਂਣ ਨੂੰ ਜੀਅ ਕਰਦੈ ।

**ਮੂਲ ਚੰਦ ਸ਼ਰਮਾ ਪ੍ਰਧਾਨ ,**
**ਪੰਜਾਬੀ ਸਾਹਿਤ ਸਭਾ ਧੂਰੀ ਜ਼ਿਲ੍ਹਾ**
**ਸੰਗਰੂਰ : 9914836037**

# ਰੂਹਾਂ ਦੇ ਨਾਲ਼ ਯਾਰੀ...

ਸਾਡੀ ਰੂਹਾਂ ਦੇ ਨਾਲ਼ ਯਾਰੀ,
ਧੁਰ ਤੱਕ ਲਹਿ ਜਾਂਦੀ।
ਸਾਡੀ ਦਿਲਾਂ ਦੀ ਸਾਂਝੇਦਾਰੀ,
ਸਭ ਕੁਝ ਕਹਿ ਜਾਂਦੀ।
ਸਾਡੀ ਰੂਹਾਂ...
ਅਸੀਂ ਸਿੱਖੇ ਨਹੀਂ ਗ਼ੱਦਾਰੀ,
ਪਿਆਰ ਨਿਭਾਉਂਦੇ ਹਾਂ।
ਜੇ ਰੁੱਸ ਜੇ ਪ੍ਰੀਤਮ ਪਿਆਰਾ,
ਹਰ ਹੀਲੇ ਜਾ ਮਨਾਉਂਦੇ ਹਾਂ।
ਪਰ ਆਪਣਾ ਛੱਡ ਜਾਏ ਕੋਈ,
ਤਾਂ ਢੇਰੀ ਢਹਿ ਜਾਂਦੀ।
ਸਾਡੀ ਰੂਹਾਂ...
ਅਸੀਂ ਹਾਸਿਆਂ ਦੇ ਵਣਜਾਰੇ,
ਖ਼ੁਸ਼ੀਆਂ ਵੰਡਦੇ ਰਹਿੰਦੇ ਹਾਂ।
ਕਰ ਦੁੱਖਾਂ ਨੂੰ ਦੂਰ ਜਹਾਨੋਂ,
ਸੁੱਖ ਮੰਗਦੇ ਰਹਿੰਦੇ ਹਾਂ।
ਸਾਡੀ ਇਹੋ ਹੈ ਸਰਦਾਰੀ,
ਸਿਰ ਤੇ ਰਹਿ ਜਾਂਦੀ।
ਸਾਡੀ ਰੂਹਾਂ...
ਸੋਚਾਂ ਵਾਧੂ ਦੀਆਂ ਛੱਡ ਕੇ,
ਨਾਲ਼ ਕੰਮਾਂ ਦੇ ਅੱਗੇ ਵਧੇ।
ਮਿਹਨਤਾਂ ਦਾ ਪੱਲਾ ਫੜ ਕੇ,
ਟੁੱਟੇ-ਭੱਜੇ, ਨਹੀਂ ਹਾਰੇ ਕਦੇ।
ਮਨਜੀਤ ਦੀ ਜਿੰਦ ਨਿਮਾਣੀ,
ਵਾਧੇ ਘਾਟੇ ਵੀ ਸਹਿ ਜਾਂਦੀ।
ਸਾਡੀ ਰੂਹਾਂ ਦੇ....



**ਮਨਜੀਤ ਕੌਰ ਧੀਮਾਨ,**
**ਸ਼ੇਰਪੁਰ,ਲੁਧਿਆਣਾ।**
**ਸੰ:9464633059**

# ਸਮੇਂ ਵੱਲ ਝਾਕਦਿਆਂ

ਕੀ ਇੰਝ ਵੀ ਕਦੇ ਹੁੰਦਾ ਹੈ
ਬਾਰੂਦ ਦਾ ਖਰੂਦ ਪਾਉਣ ਨਾਲ਼
ਕਿਸੇ ਦਾ ਵਜੂਦ ਮਿਟਾਉਣ ਨਾਲ਼
ਅਜੀਬ ਜਿਹੀ ਚੁੱਪ ਜਾਂ ਸੰਨਾਟੇ ਦੀ
ਸਰਜ਼ਮੀਨ 'ਤੇ
ਸ਼ਾਂਤੀ ਦੀ ਫ਼ਸਲ ਉੱਗ ਆਉਂਦੀ ਹੈ
ਜੋ ਦੁਸ਼ਮਣੀ ਦਾ
ਬੀਜ ਨਾਸ ਕਰ ਪਾਉਂਦੀ ਹੈ।
ਕੀ ਕਦੇ
ਰੰਗ ਬਿਰੰਗੀਆਂ ਜੰਗਾਂ ਵਿੱਚ
ਪੁੰਗਰਦੇ
ਨਾ ਚਾਹੁੰਦੇ ਹੋਏ ਵੀ ਚਾਵਾਂ ਦਾ
ਧਰਤ ਬਣ ਵਿਚਰਦੀਆਂ
ਧੀਆਂ ਭੈਣਾਂ ਮਾਵਾਂ ਦਾ
ਜਿੰਨ੍ਹਾਂ ਦਾ ਨਾ ਲਾਗਾ ਨਾ ਦੇਗਾ
ਨਿਰਦੋਸ਼ ਮਾਸੂਮ ਭੈਣ ਭਾਰਾਵਾਂ ਦਾ
ਘਰ ਦਰ ਬੇਖ਼ਬਰ ਪਸ਼ੂ, ਪੰਛੀ
ਝੁਲਸੀ ਪ੍ਰਕਿਤੀ ਤੇ ਥਾਵਾਂ ਦਾ
ਜੋ
ਮਣਾਂ ਮੂੰਹੀਂ ਕਤਲ ਹੋਇਆ ਹੈ
ਜਿੱਤ ਹਾਰ ਤੋਂ ਬਿਨਾਂ
ਉਨ੍ਹਾਂ ਦੇ ਜ਼ਖਮਾਂ ਤੇ ਦਰਦਾਂ ਦਾ ਵੀ ਕਦੇ
ਇਤਿਹਾਸ ਦੇ ਪੰਨਿਆਂ 'ਤੇ
ਕਿਤੇ ਜ਼ਿਕਰ ਹੋਇਆ ਹੈ?

ਇਹ ਤਾਜਦਾਰ
ਇਹ ਸ਼ਾਸਕ
ਕਿਉਂ ਨੇ ਜੰਗਾਂ ਦੇ
ਐਨੇ ਆਸ਼ਕ
ਇਹ ਜਾਣਦੇ ਹੋਏ ਵੀ
ਕਿ ਸਮਾਂ
ਹਰ ਸਮੇਂ ਹਰ ਕਿਸੇ ਦੇ
ਰਹਿੰਦਾ ਨਹੀਂ ਮਾਫ਼ਕ
ਵਿਕਸਿਤ ਸਭਿਅਤਾ ਦੀਆਂ
ਹੰਕਾਰ ਲੱਦੀਆਂ ਬੁਲੰਦੀਆਂ
ਜੜ ਪਾਬੰਦੀਆਂ
ਕਰ ਘੇਰਾਬੰਦੀਆਂ
ਜੁਰੱਅਤਾਂ ਨੂੰ ਸਮਝ ਲੰਡੀਆਂ
ਖਿਲਾਰ
ਕਾਂਵਾਂ ਦੀ ਕਾਵਾਂ ਰੌਲੀ ਦਾ ਕੋਹੜ
ਚੋਚਲੇ ਮਨ ਦੇ ਮਨਹੂਸ ਕਲੰਡਰ 'ਤੇ ਚੜ੍ਹ
ਬੜਾ ਨੱਚਣ ਲੱਗਿਆ ਹੈ
ਕੀ ਕਾਰਨ ਹੈ
ਸਾਹਮਣੇ ਥਾਲ਼ੀ 'ਚ ਪਿਆ ਰੋਟੀ ਦਾ ਟੁੱਕੜਾ
ਵਾਰ ਵਾਰ ਪੁੱਛਦਾ ਹੈ।

ਰੋਟੀ ਜਿਸ ਲਈ ਪਤਾ ਨਹੀ
ਕਿੰਨੀਆਂ ਪੁਸ਼ਤਾਂ ਨੇ
ਕਿੰਨੀਆਂ ਹੀ ਜੰਗਾਂ ਲੜੀਆਂ
ਬਣ ਕੇ ਰਾਖ
ਮਿਲ ਰਹੀ ਵਿੱਚ ਖ਼ਾਕ
ਜਿਸ ਥੱਲੇ ਪਈ ਲਾਸ਼
ਉੱਤੇ ਤੜਪਦੀ
ਭੁੱਖ ਤੇ ਪਿਆਸ
ਜ਼ਿੰਦਗੀ ਮੌਤ 'ਤੇ ਸਵਾਲ ਕਰਦੀ ਹੈ
ਜੰਗ ਖਤਮ ਹੋ ਵੀ
ਕਿਉ ਨਹੀ ਮਰਦੀ ਹੈ?



**ਡਾ. ਮੇਹਰ ਮਾਣਕ**

# ਕਰਤਾਰ ਅਤੇ ਸਰਕਾਰ

ਕਾਲੇ ਚੜਕੇ ਬੱਦਲ ਆ ਗਏ,
ਬਿਜ਼ਲੀ ਚਮਕਾਂ ਮਾਰੇ
ਸਿਖ਼ਰ ਦੁਪਹਿਰੇ ਹਨੇਰ ਪੈ ਜਾਵੇ
ਦਿਨੇ ਹੀ ਦਿਸਦੇ ਤਾਰੇ
ਯਾਤਰਾ ਤੇ ਗਏ ਬੰਦੇ ਮਰ ਗਏ
ਖੱਡ ਵਿੱਚ ਡਿਗ ਪਈ ਲਾਰੀ
ਕਰਤਾਰ ਅਤੇ ਸਰਕਾਰ ਦੀ ਪੈ ਗਈ
ਆਪਸ ਦੇ ਵਿੱਚ ਯਾਰੀ
ਉਮਰਾਂ ਦਾ ਲਿਹਾਜ਼ ਰਿਹਾ ਨਹੀਂ
ਹੁੰਦਾ ਦੁਸ਼ਕਰਮ ਬੱਚਿਆਂ ਨਾਲ ਏਥੇ
ਹਵਸ ਪੁਜਾਰੀ ਮੌਜਾਂ ਕਰਦੇ,ਰੱਬ
ਪੁੱਗਤਾ ਲੇਖੇ
ਬਿਨ ਖੰਬਾ ਤੋਂ ਪੰਛੀ ਅੱਜ ਕੱਲ੍ਹ, ਲੰਮੀ
ਭਰਨ ਉਡਾਰੀ
ਕਰਤਾਰ ਅਤੇ ਸਰਕਾਰ ਦੀ ਪੈ ਗਈ
ਆਪਸ ਦੇ ਵਿੱਚ ਯਾਰੀ
ਸਰਕਾਰਾਂ ਵੀ ਨਹੀਂ ਸਾਰ ਲੈਂਦੀਆਂ
ਲਾਉਂਦੀਆਂ ਲਾਰੇ ਲੱਪੇ
ਮੋਇਆਂ ਨੂੰ ਨਹੀਂ ਕਬਰਾ ਮਿਲਦੀਆਂ
ਜਿਉਂਦੇ ਮਿੱਟੀ ਨੱਪੇ
ਪੱਤ ਲੁਟਾਂ ਕੇ ਧੱਕੇ ਖਾਂਦੀ,ਕੋਰਟ
ਕਚਹਿਰੀ ਨਾਰੀ
ਕਰਤਾਰ ਅਤੇ ਸਰਕਾਰ ਦੀ ਪੈ ਗਈ
ਆਪਸ ਦੇ ਵਿੱਚ ਯਾਰੀ
ਗੁਰਮੀਤ ਡੁਮਾਣੇ ਵਾਲਿਆਂ ਦੋਵੇ
ਇੱਕ ਦੂਜੇ ਦੇ ਵੈਰੀ
ਇੱਕ ਦੂਜੇ ਦੇ ਮਾਰਨ ਲੱਗੇ ਸੱਟ
ਕਰਾਵੇਂ ਗਹਿਰੀ
ਦੋਨੋਂ ਧਿਰਾਂ ਹੀ ਪੈ ਗਈਆਂ ਨੇ ਆਮ
ਬੰਦੇ ਤੇ ਭਾਰੀ
ਕਰਤਾਰ ਅਤੇ ਸਰਕਾਰ ਦੀ ਪੈ ਗਈ
ਆਪਸ ਦੇ ਵਿੱਚ ਯਾਰੀ



**ਗੁਰਮੀਤ ਡੁਮਾਣਾ**
**ਲੋਹੀਆਂ ਖਾਸ**
**ਜਲੰਧਰ**

# ਵਰ੍ਹੇਗੰਢ ਮੁਬਾਰਕ



**ਦਲਜੀਤ ਸਿੰਘ ਅਤੇ ਸਿਮਰਨ ਕੌਰ ਵਾਸੀ ਮਿਲਕ ਬਾਰ ਕਲੋਨੀ ਮੋਰਿੰਡਾ ਨੇ ਵਿਆਹ ਦੀ 10ਵੀਂ ਵਰ੍ਹੇਗੰਢ ਮਨਾਈ।**

# ਥਿੰਦ ਆਈ ਹਸਪਤਾਲ ਲੁਧਿਆਣਾ ਵਿੱਚ ਅਧੁਨਿਕ ਸੁਪਰ-ਸਪੈਸ਼ਲਟੀ ਆਈ ਕੇਅਰ ਸੈਂਟਰ ਦਾ ਉਦਘਾਟਨ ਸ਼੍ਰੀ ਸੰਜੀਵ ਅਰੋੜਾ ਵੱਲੋਂ ਕੀਤਾ ਗਿਆ

**ਲੁਧਿਆਣਾ 5 ਅਪ੍ਰੈਲ (ਕਰਨੈਲ ਸਿੰਘ ਐੱਮ.ਏ.)** ਨੇਤ੍ਰ ਚਿਕਿਤਸਾ ਵਿੱਚ ਤਿੰਨ ਦਹਾਕਿਆਂ ਤੋਂ ਵੱਧ ਦੀ ਅਗਵਾਈ ਅਤੇ ਸ਼ਾਨਦਾਰ ਸੇਵਾਵਾਂ ਨੂੰ ਹੋਰ ਮਜ਼ਬੂਤ ਬਣਾਉਂਦਿਆਂ, ਥਿੰਦ ਆਈ ਹਸਪਤਾਲ ਨੇ ਅੱਜ ਲੁਧਿਆਣਾ ਵਿੱਚ ਆਪਣੇ ਨਵੇਂ ਸੁਪਰ-ਸਪੈਸ਼ਲਟੀ ਆਈ ਕੇਅਰ ਸੈਂਟਰ ਦੀ ਸ਼ੁਰੂਆਤ ਦਾ ਐਲਾਨ ਕੀਤਾ। ਇਹ ਵਿਸਥਾਰ ਪੰਜਾਬ ਭਰ ਵਿੱਚ ਲੋਕਾਂ ਤੱਕ ਆਧੁਨਿਕ ਅਤੇ ਮਰੀਜ਼-ਕੇਂਦ੍ਰਿਤ ਆਈ ਕੇਅਰ ਪਹੁੰਚਾਉਣ ਦੇ ਹਸਪਤਾਲ ਦੇ ਮਿਸ਼ਨ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਇਸ ਸੈਂਟਰ ਦਾ ਉਦਘਾਟਨ ਮਾਣਯੋਗ ਸ਼੍ਰੀ ਸੰਜੀਵ ਅਰੋੜਾ, ਕੈਬਿਨੇਟ ਮੰਤਰੀ ਪੰਜਾਬ ਸਰਕਾਰ ਵੱਲੋਂ ਕੀਤਾ ਗਿਆ, ਜਿਸ ਮੌਕੇ ਡਾ: ਜੇ.ਐਸ. ਥਿੰਦ, ਚੇਅਰਮੈਨ ਅਤੇ ਮੁੱਖ ਆਈ ਸਰਜਨ, ਨਾਲ ਹੀ ਮਾਣਯੋਗ ਮਹਿਮਾਨ, ਡਾਕਟਰ ਅਤੇ ਸਥਾਨਕ ਭਾਈਚਾਰੇ ਦੇ ਮੈਂਬਰ ਹਾਜ਼ਰ ਸਨ। ਅਦਰਸ਼ ਕਾਲੋਨੀ (ਵੇਵ ਮਾਲ ਦੇ ਸਾਹਮਣੇ), ਫਿਰੋਜ਼ਪੁਰ ਰੋਡ, ਲੁਧਿਆਣਾ ਵਿੱਚ ਰਣਨੀਤਿਕ ਤੌਰ 'ਤੇ ਸਥਿਤ ਇਹ ਨਵਾਂ ਸੈਂਟਰ ਇੱਕ ਸੰਪੂਰਨ ਅਤੇ ਪੂਰੀ ਸੇਵਾਵਾਂ ਵਾਲੇ ਆਈ ਹਸਪਤਾਲ ਵਜੋਂ ਤਿਆਰ ਕੀਤਾ ਗਿਆ ਹੈ। ਇਸ ਵਿੱਚ ਆਧੁਨਿਕ ਡਾਇਗਨੋਸਟਿਕ ਅਤੇ ਸਰਜਰੀ ਸਹੂਲਤਾਂ ਉਪਲਬਧ ਹਨ, ਜਿਨ੍ਹਾਂ ਰਾਹੀਂ ਕੈਟ੍ਰੈਕਟ, ਰਿਫਰੈਕਟਿਵ , ਰੇਟੀਨਾ, ਕੋਰਨੀਆ, ਗਲੂਕੋਮਾ, ਬਾਲ ਨੇਤ੍ਰ ਚਿਕਿਤਸਾ ਅਤੇ ਓਕਿਊਲੋਪਲਾਸਟੀ ਵਰਗੀਆਂ ਸੇਵਾਵਾਂ ਇੱਕ ਹੀ ਛੱਤ ਹੇਠ ਦਿੱਤੀਆਂ ਜਾਣਗੀਆਂ। ਤਜਰ-ਬੇਕਾਰ ਨੇਤ੍ਰ ਵਿਦਵਾਨਾਂ, ਓਪਟੋਮੀਟਰਿਸਟਾਂ ਅਤੇ ਪ੍ਰਸ਼ਿਕਸ਼ਿਤ ਸਟਾਫ ਦੀ ਟੀਮ ਨਾਲ ਇਹ ਸੈਂਟਰ ਵੱਡੀ ਗਿਣਤੀ ਵਿੱਚ ਮਰੀਜ਼ਾਂ ਨੂੰ ਸੰਭਾਲਣ ਦੇ ਯੋਗ ਹੈ, ਜਦੋਂ ਕਿ ਉੱਚ ਗੁਣਵੱਤਾ ਅਤੇ ਸੁਚੁੱਕ ਸੇਵਾਵਾਂ ਯਕੀਨੀ ਬਣਾਈਆਂ ਜਾਂਦੀਆਂ ਹਨ। ਇਸ ਮੌਕੇ ਮਾਣਯੋਗ ਸ਼੍ਰੀ ਸੰਜੀਵ ਅਰੋੜਾ ਨੇ ਕਿਹਾ, "ਉੱਚ ਗੁਣਵੱਤਾ ਵਾਲੀ ਆਈ ਕੇਅਰ ਜੀਵਨ ਦੀ ਗੁਣਵੱਤਾ ਨੂੰ ਸੁਧਾਰਨ ਲਈ ਬਹੁਤ ਜ਼ਰੂਰੀ ਹੈ, ਅਤੇ ਮੈਂ ਥਿੰਦ ਆਈ ਹਸਪਤਾਲ ਅਤੇ ਡਾ: ਜੇ.ਐਸ. ਥਿੰਦ ਦੀ ਪ੍ਰਸੰਸਾ ਕਰਦਾ ਹਾਂ ਕਿ ਉਹ ਲੁਧਿਆਣਾ ਦੇ ਲੋਕਾਂ ਤੱਕ ਆਧੁਨਿਕ ਤਕਨਾਲੋਜੀ ਅਤੇ ਵਿਸ਼ੇਸ਼ਗਿਆਤਾ ਲੈ ਕੇ ਆਏ ਹਨ। ਇਸ ਤਰ੍ਹਾਂ ਦੇ ਉਪਰਾਲੇ ਅੰਨ੍ਹੇਪਣ ਨੂੰ ਰੋਕਣ ਅਤੇ ਬਿਹਤਰ ਸਿਹਤ ਨਤੀਜੇ ਯਕੀਨੀ ਬਣਾਉਣ ਵਿੱਚ ਮਹੱਤਵਪੂਰਨ ਹਨ।" ਉਨ੍ਹਾਂ ਨੇ ਅੱਗੇ ਕਿਹਾ, "ਪੰਜਾਬ ਆਪਣੀ ਸਿਹਤ ਪ੍ਰਣਾਲੀ ਨੂੰ ਮਜ਼ਬੂਤ ਬਣਾਉਣ ਵਿੱਚ ਲਗਾਤਾਰ ਤਰੱਕੀ ਕਰ ਰਿਹਾ ਹੈ, ਅਤੇ ਇਸ ਤਰ੍ਹਾਂ ਦੇ ਆਧੁਨਿਕ ਅਤੇ ਤਕਨਾਲੋਜੀ-ਅਧਾਰਿਤ ਸੰਸਥਾਨ ਇਸ ਤਰੱਕੀ ਵਿੱਚ




ਅਹਿਮ ਭੂਮਿਕਾ ਨਿਭਾਉਂਦੇ ਹਨ।"

ਡਾ: ਜੇ.ਐਸ. ਥਿੰਦ, ਚੇਅਰਮੈਨ ਅਤੇ ਮੁੱਖ ਆਈ ਸਰਜਨ ਨੇ ਕਿਹਾ, "ਲੁਧਿਆਣਾ ਸੈਂਟਰ ਦੀ ਸ਼ੁਰੂਆਤ ਸਾਡੇ ਪੰਜਾਬ ਭਰ ਵਿੱਚ ਆਧੁਨਿਕ ਆਈ ਕੇਅਰ ਦੀ ਪਹੁੰਚ ਵਧਾਉਣ ਦੇ ਯਤਨਾਂ ਵਿੱਚ ਇੱਕ ਮਹੱਤਵਪੂਰਨ ਕਦਮ ਹੈ। ਇਸ ਸਹੂਲਤ ਨਾਲ ਅਸੀਂ ਆਧੁਨਿਕ ਤਕਨਾਲੋਜੀ ਅਤੇ ਕਲੀਨੀਕਲ ਮਾਹਰਤਾ ਨੂੰ ਜੋੜ ਕੇ ਉੱਚ ਦਰਜੇ ਦੀ ਮਰੀਜ਼ ਸੇਵਾ ਪ੍ਰਦਾਨ ਕਰਨ ਦਾ ਲਕਸ਼ ਰੱਖਦੇ ਹਾਂ।"

ਇਹ ਨਵਾਂ ਸੈਂਟਰ ਸਿਰਫ਼ ਲੁਧਿਆਣਾ ਹੀ ਨਹੀਂ, ਸਗੋਂ ਆਲੇ-ਦੁਆਲੇ ਦੇ ਜ਼ਿਲ੍ਹਿਆਂ ਦੇ ਮਰੀਜ਼ਾਂ ਦੀ ਵੀ ਸੇਵਾ ਕਰੇਗਾ, ਜਿਸ ਨਾਲ ਉਨ੍ਹਾਂ ਨੂੰ ਵਿਸ਼ੇਸ਼ਗਿਆਤਾ ਵਾਲੀ ਆਈ ਟ੍ਰੀਟਮੈਂਟ ਲਈ ਦੂਰ-ਦੂਰ ਜਾਣ ਦੀ ਲੋੜ ਘੱਟ ਪਵੇਗੀ। 1991 ਵਿੱਚ ਸਥਾਪਿਤ, ਥਿੰਦ ਆਈ ਹਸਪਤਾਲ ਇੱਕ ਪ੍ਰਮਾਣਿਤ ਸੁਪਰ-ਸਪੈਸ਼ਲਟੀ ਆਈ ਕੇਅਰ ਸੰਸਥਾ ਹੈ, ਜਿਸ ਦਾ ਮੁੱਖ ਦਫ਼ਤਰ ਜਲੰਧਰ, ਪੰਜਾਬ ਵਿੱਚ ਸਥਿਤ ਹੈ। ਇਹ ਹਸਪਤਾਲ ਆਪਣੀ ਕਲੀਨੀਕਲ ਸ਼ਾਨਦਾਰਤਾ ਅਤੇ ਅਧੁਨਿਕ ਤਕਨਾਲੋਜੀਆਂ ਦੀ ਜਲਦੀ ਅਪਣਾਉਣ ਲਈ ਜਾਣਿਆ ਜਾਂਦਾ ਹੈ ਅਤੇ ਕੈਟ੍ਰੈਕਟ, ਰਿਫਰੈਕਟਿਵ ਅਤੇ ਰੇਟੀਨਾ ਸੇਵਾਵਾਂ ਵਿੱਚ ਅਗੇਵਾਨ ਰਿਹਾ ਹੈ। ਪੰਜਾਬ ਵਿੱਚ ਕਈ ਸੈਂਟਰਾਂ ਦੇ ਨਾਲ, ਥਿੰਦ ਆਈ ਹਸਪਤਾਲ ਉੱਚ ਗੁਣਵੱਤਾ ਅਤੇ ਮਰੀਜ਼-ਕੇਂਦ੍ਰਿਤ ਸੇਵਾਵਾਂ ਪ੍ਰਦਾਨ ਕਰਨ ਦੇ ਨਾਲ-ਨਾਲ ਸਮਾਜਿਕ ਜਾਗਰੂਕਤਾ ਅਤੇ ਵਿਜ਼ਨ ਕੇਅਰ ਮੁਹਿੰਮਾਂ ਵਿੱਚ ਵੀ ਸਰਗਰਮ ਹੈ।

# ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਗਰਭਵਤੀ ਔਰਤਾਂ ਦੀ ਅਲਟਰਾ ਸਾਊਂਡ ਸਕੈਨ ਹੋਵੇਗੀ ਮੁਫ਼ਤ

**ਬੰਗਾ 05 ਅਪਰੈਲ (ਚਰਨਜੀਤ ਸੱਲ੍ਹਾਂ)** ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਹੁਣ ਗਰਭਵਤੀ ਔਰਤਾਂ ਦੀ ਅਲਟਰਾਸਾਊਂਡ ਸਕੈਨ ਮੁਫਤ ਹੋਵੇਗੀ । ਇਹ ਜਾਣਕਾਰੀ ਹਸਪਤਾਲ ਦੇ ਔਰਤਾਂ ਦੀਆਂ ਬਿਮਾਰੀਆਂ ਅਤੇ ਬਾਂਝਪਣ ਦੇ ਮਾਹਿਰ ਡਾ. ਸ਼ਵੇਤਾ ਬਗੜਿਆ ਐਮ ਐਸ (ਗਾਇਨੀ) ਨੇ ਦਿੱਤੀ । ਉਹਨਾਂ ਦੱਸਿਆ ਕਿ ਹਸਤਪਾਲ ਪ੍ਰਬੰਧਕ ਗੁਰੂ ਨਾਨਕ ਮਿਸ਼ਨ ਮੈਡੀਕਲ ਐਂਡ ਐਜੂਕੇਸ਼ਨਲ ਟਰੱਸਟ ਢਾਹਾਂ ਕਲੇਰਾਂ ਵੱਲੋਂ ਜਨਮ ਤੋਂ ਪਹਿਲਾਂ ਅਤੇ ਜਨਮ ਤੋਂ ਬਾਅਦ ਦੀ ਦੇਖਭਾਲ ਲਈ ਤੰਦਰੁਸਤ ਮਾਵਾਂ ਅਤੇ ਤੰਦਰੁਸਤ ਬੱਚੇ ਮਿਸ਼ਨ ਤਹਿਤ ਗਰਭਵਤੀ ਔਰਤਾਂ ਅਤੇ ਉਹਨਾਂ ਦੇ ਨਵ ਜਨਮੇ ਬੱਚਿਆਂ ਨੂੰ ਜਨਮ ਤੋਂ ਪਹਿਲਾਂ ਅਤੇ ਜਨਮ ਤੋਂ ਬਾਅਦ ਵਿੱਚ ਮਿਆਰੀ ਸਿਹਤ ਸੰਭਾਲ ਸੇਵਾਵਾਂ ਪ੍ਰਦਾਨ ਕਰਨ ਲਈ ਅਹਿਮ ਕਾਰਜ ਕੀਤੇ ਜਾ ਰਹੇ ਹਨ । ਇਸ ਸੇਵਾ ਮਿਸ਼ਨ ਵਿਚ ਹਸਪਤਾਲ ਵਿਖੇ ਗਰਭਵਤੀ ਔਰਤਾਂ ਦੀ ਅਲਟਰਾ ਸਾਊਂਡ ਸਕੈਨ ਮੁਫਤ ਆਰੰਭ ਕੀਤੀ ਹੈ । ਇਹ ਸੇਵਾ ਹਰ ਸੋਮਵਾਰ ਤੋਂ ਸ਼ਨੀਵਾਰ ਤੱਕ



ਮੁਫਤ ਅਲਟਰਾ ਸਾਊਂਡ ਸਕੈਨ ਕਰਦੇ ਹੋਏ ਡਾ. ਸ਼ਵੇਤਾ ਬਗੜਿਆ।

ਰੋਜ਼ਾਨਾ ਸਵੇਰ 9 ਵਜੇ ਤੋ ਬਾਅਦ ਦੁਪਹਿਰ 3 ਵਜੇ ਤੱਕ ਉਪਲੱਬਧ ਹੋਵੇਗੀ । ਡਾ. ਸ਼ਵੇਤਾ ਬਗੜਿਆ ਨੇ ਔਰਤਾਂ ਦੇ ਵਿਭਾਗ ਬਾਰੇ ਜਾਣਕਾਰੀ ਦਿੰਦੇ ਦੱਸਿਆ ਕਿ ਇੱਥੇ ਔਰਤਾਂ ਦੀਆਂ ਹਰ ਤਰ੍ਹਾਂ ਦੀਆਂ ਸਰੀਰਿਕ ਬਿਮਾਰੀਆਂ, ਹਰ ਤਰ੍ਹਾਂ ਦੇ ਜਣੇਪੇ, ਵੱਡੇ ਆਪਰੇਸ਼ਨ, ਦਰਦ ਰਹਿਤ ਡਲਿਵਰੀ, ਬਾਂਝਪਣ (ਇਨਫਰਟੀਲਿਟੀ) ਦਾ ਇਲਾਜ, ਬੱਚੇਦਾਨੀ ਅਤੇ ਛਾਤੀ ਦੇ ਕੈਂਸਰ ਦਾ ਇਲਾਜ ਹੁੰਦਾ ਹੈ। ਇਸ ਦੇ ਨਾਲ ਹੀ ਗਰਭਵਤੀ ਔਰਤਾਂ ਦੀ ਮਿਆਰੀ ਸਾਂਭ ਸੰਭਾਲ ਹੁੰਦੀ ਹੈ । ਹਸਪਤਾਲ ਵਿਚ ਨਵਜਨਮੇ ਬੱਚਿਆਂ ਦੀ ਦੇਖ ਭਾਲ ਲਈ ਆਧੁਨਿਕ ਮਸ਼ੀਨਾਂ ਉਪਲਬਧ ਹਨ । ਹਸਪਤਾਲ ਵਿਖੇ ਗਰਭਵਤੀ ਔਰਤਾਂ ਲਈ ਵੱਖ ਵੱਖ ਜ਼ਰੂਰੀ ਟੈਸਟ ਵੀ ਰਿਆਇਤੀ ਦਰਾਂ 'ਤੇ ਹੁੰਦੇ ਹਨ । ਡਾ. ਸ਼ਵੇਤਾ ਬਗੜਿਆ ਨੇ ਕਿਹਾ ਕਿ ਔਰਤਾਂ ਨੂੰ ਤੰਦਰੁਸਤ ਰਹਿਣ ਲਈ ਸਮੇਂ ਸਿਰ ਮਾਹਿਰ ਡਾਕਟਰ ਤੋਂ ਨਿਯਮਿਤ ਤੌਰ 'ਤੇ ਜਾਂਚ ਕਰਵਾਉਣੀ ਚਾਹੀਦੀ ਹੈ । ਇਹ ਜਾਂਚ ਸਿਹਤ ਸਮੱਸਿਆਵਾਂ ਦੀ ਜਾਂਚ ਅਤੇ ਇਲਾਜ ਕਰਨ ਵਿੱਚ ਮਦਦ ਕਰਦੀ ਹੈ । ਵਰਨਣਯੋਗ ਹੈ ਕਿ ਗੁਰੂ ਨਾਨਕ ਮਿਸ਼ਨ ਹਸਪਤਾਲ ਢਾਹਾਂ ਕਲੇਰਾਂ ਵਿਖੇ ਗਰਭ ਅਵਸਥਾ ਦੇਖਭਾਲ ਸੇਵਾਵਾਂ ਦਾ ਵਿਸਥਾਰ ਇੱਕ ਇਲਾਕੇ ਵਿਚ ਵੱਡਾ ਉੱਦਮ ਹੈ ਅਤੇ ਜੋ ਔਰਤਾਂ ਦੀ ਸਿਹਤ ਸੰਭਾਲ ਲਈ ਅਹਿਮ ਰੋਲ ਅਦਾ ਕਰੇਗਾ ।

# ਪਿੰਡ ਕੁੱਕੜਾ ਵਿਖੇ ਸੂਦ ਗੋਤ ਜਠੇਰਿਆਂ ਦਾ ਸਲਾਨਾ ਜੋੜ ਮੇਲਾ 17 ਮਈ ਨੂੰ



**ਹੁਸਿਆਰਪੁਰ 5 ਅਪ੍ਰੈਲ (ਤਰਸੇਮ ਦੀਵਾਨਾ)** - ਸੂਦ ਜਠੇਰੇ ਪ੍ਰਬੰਧਕ ਕਮੇਟੀ ਰਜਿ: ਪਿੰਡ ਕੁੱਕੜਾਂ ਦੇ ਸਮੂਹ ਮੈਂਬਰਾ ਨੇ 5 ਅਪ੍ਰੈਲ ਨੂੰ ਸੂਦ ਜਠੇਰਿਆਂ ਦੇ ਸਲਾਨਾ ਜੋੜ ਮੇਲੇ ਸਬੰਧੀ ਮੀਟਿੰਗ ਕੀਤੀ। ਸਮੂਹ ਮੈਂਬਰਾ ਨੇ ਸੂਦ ਪਰਿਵਾਰਾਂ ਵੱਲੋਂ ਕੀਤੇ ਜਾ ਰਹੇ ਨਿਰਵਿਘਨ ਸਹਿਯੋਗ ਦੇ ਲਈ ਧੰਨਵਾਦ ਵੀ ਕੀਤਾ। ਮੈਂਬਰਾ ਨੇ ਅੱਗੇ ਦੱਸਿਆ ਕਿ ਦਰਬਾਰ ਸੂਦ ਜਠੇਰਿਆਂ ਦਾ ਸਲਾਨਾ ਜੋੜ ਮੇਲਾ ਹਰ ਸਾਲ ਦੀ ਤਰਾਂ ਇਸ ਸਾਲ ਵੀ ਜੇਠ ਮਹੀਨੇ ਦੇ ਜੇਠੇ ਐਤਵਾਰ 17 ਮਈ ਨੂੰ ਬੜੀ ਸਰਧਾ ਤੇ ਭਾਵਨਾ ਨਾਲ ਸੰਗਤਾਂ ਦੇ ਸਹਿਯੋਗ ਨਾਲ ਪਿੰਡ ਕੁੱਕੜਾਂ ਤਹਿ. ਗੜ੍ਹਸੰਕਰ ਵਿਖੇ ਕਰਵਾਇਆ ਜਾਵੇਗਾ। ਇਸ ਸਲਾਨਾ ਜੋੜ ਮੇਲੇ ਦੀ ਆਰੰਭਤਾ ਸੂਦ ਜਠੇਰੇ ਦਰਬਾਰ ਵਿਖੇ ਚਿਰਾਗ ਰੌਸ਼ਨਾ ਕੇ ਕੀਤੀ ਜਾਵੇਗੀ। ਉਪਰੰਤ ਸਵੇਰੇ 11 ਵਜੇ ਝੰਡੇ ਦੀ ਰਸਮ ਕੀਤੀ ਜਾਵੇਗੀ ਅਤੇ ਸਵੇਰੇ 12 ਵਜੇ ਸਟੇਜ ਦੀ ਆਰੰਭਤਾ ਕੀਤੀ ਜਾਵੇਗੀ। ਪੰਜਾਬ ਦੇ ਪ੍ਰਸਿੱਧ ਗਾਇਕ ਧਾਰਮਿਕ ਗੀਤਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ। ਕਮੇਟੀ ਮੈਂਬਰਾਂ ਨੂੰ ਇਹ ਦੱਸਿਆ ਕਿ ਸਮੂਹ ਸਾਧ ਸੰਗਤਾਂ ਦੇ ਸਹਿਯੋਗ ਨਾਲ ਚਾਹ-ਪਕੌੜੇ ਅਤੇ ਠੰਡੇ ਮਿੱਠੇ ਜਲ ਦੀ ਛਬੀਲ ਅਤੇ ਬਾਬਾ ਜੀ ਦਾ ਲੰਗਰ ਵੀ ਅਤੁੱਟ ਵਰਤਾਇਆ ਜਾਵੇਗਾ। ਇਸ ਮੌਕੇ ਹਰਸੁਖਤਿੰਦਰ ਪ੍ਰਸਾਦ ਸੂਦ, ਭਾਗ ਰਾਮ ਸੂਦ, ਤਿਲਕ ਰਾਜ ਸੂਦ, ਰਾਮ ਸਰੂਪ ਸੂਦ, ਦਿਲਾਵਰ ਸਿੰਘ ਸੂਦ, ਬਲਵੰਤ ਰਾਏ ਸੂਦ, ਪਰਮਜੀਤ ਸਿੰਘ ਸੂਦ, ਨਰੇਸ਼ ਸੂਦ, ਬਲਵੰਤ ਰਾਏ ਸੂਦ, ਰਮਨ ਸੂਦ, ਲਖਵੀਰ ਸਿੰਘ ਸੂਦ, ਪਰਮਜੀਤ ਸਿੰਘ ਸੂਦ, ਸੁਖਦੀਪ ਸਿੰਘ ਸੂਦ, ਸੁਰਜੀਤ ਸਿੰਘ ਸੂਦ ਅਤੇ ਮਹਿੰਦਰ ਸੂਦ ਵਿਰਕ ਮੈਂਬਰ ਸਹਿਬਾਨ ਆਦਿ ਹਾਜਰ ਸਨ।

**ਫੋਟੋ ਅਜਮੇਰ ਦੀਵਾਨਾ**

# ਪੈਸੇ ਅਤੇ ਫੋਕੀ ਸ਼ੋਹਰਤ ਲਈ ਇਨਸਾਨ ਆਪਸ ਵਿੱਚ ਈਰਖਾ ਕਰਕੇ ਇਨਸਾਨੀਅਤ ਨੂੰ ਭੁੱਲ ਚੁੱਕਾ ਹੈ : ਡਾ ਐਮ ਜਮੀਲ ਬਾਲੀ

**ਹੁਸ਼ਿਆਰਪੁਰ 5 ਅਪ੍ਰੈਲ ( ਤਰਸੇਮ ਦੀਵਾਨਾ )** – ਇਸ ਵਕਤ ਅਮਰੀਕਾ,ਈਰਾਨ,ਇਰਾਕ, ਇਜਰਾਇਲ ਆਦਿ ਦੇਸ਼ਾ ਵਿੱਚ ਜੰਗ ਲੱਗੀ ਹੋਈ ਹੈ ਮਨੁੱਖ ਦੁਆਰਾ ਮਨੁੱਖ ਨੂੰ ਹਥਿਆਰਾਂ ਨਾਲ ਮਾਰਿਆ ਜਾ ਰਿਹਾ ਹੈ ਨਫ਼ਰਤ ਦੀ ਇਹ ਜੰਗ ਇਨਸਾਨ ਨੂੰ ਹੈਵਾਨੀਅਤ ਦੀਆਂ ਹੱਦਾਂ ਬੰਨ੍ਹੇ ਟਪਾ ਰਹੀ ਹੈ। ਪਰ ਇਸ ਸਭ ਕਾਸੇ ਦਾ ਸਿੱਟਾ ਸਿਰਫ ਤੇ ਸਿਰਫ ਸਿਫਰ ਹੈ ! ਇਹ ਵਿਚਾਰ



ਬਾਲੀ ਹਸਪਤਾਲ ਦੇ ਐਮਡੀ ਅਤੇ ਉੱਘੇ ਸਮਾਜ ਸੇਵਕ ਡਾਕਟਰ ਐਮ ਜਮੀਲ ਬਾਲੀ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਸਾਂਝੇ ਕੀਤੇ ਉਹਨਾਂ ਕਿਹਾ ਕਿ ਬੇਲੋੜਾ ਹਥਿਆਰਾਂ ਤੇ ਖ਼ਰਚਾ ਤੇ ਇਕ ਦੂਜੇ ਪ੍ਰਤੀ ਨਫ਼ਰਤ ਦੀ ਅੱਗ ਕੀ ਇਹੋ ਇਨਸਾਨੀਅਤ ਹੈ ਇਸ ਬਾਰੇ ਅੱਜ ਹਰ ਇਨਸਾਨ ਤੇ ਹਰ ਦੇਸ਼ ਦੀ ਅਗਵਾਹੀ ਕਰਨ ਵਾਲੇ ਆਗੂਆਂ ਨੂੰ ਸੋਚਣ ਦੀ ਲੋੜ ਹੈ। ਉਹਨਾਂ ਕਿਹਾ ਕਿ ਦਿਲਾ ਵਿੱਚ ਇਹੋ ਜਿਹੀ ਨਫ਼ਰਤ ਨੂੰ ਲੈ ਕੇ ਇਹੋ ਹਾਲ ਅੱਗੇ ਦੁਨੀਆ ਵਿੱਚ ਵੱਸਦੇ 8 ਅਰਬ ਤੋਂ ਉੱਪਰ ਸ਼ਾਹ ਲੈ ਰਹੇ ਮਨੁਖਾਂ ਦਾ ਕਿ ਹਾਲ ਹੋਵੇਗਾ ।

ਉਹਨਾਂ ਕਿਹਾ ਕਿ ਪ੍ਰਮਾਤਮਾ ਨੇ ਇਨਸਾਨ ਨੂੰ ਧਰਤੀ ਉੱਤੇ ਮੋਹ ਮੁਹੱਬਤ ਤੇ ਪਿਆਰ ਵੰਡਣ ਲਈ ਭੇਜਿਆ ਹੈ। ਪਰ ਪੈਸੇ ਤੇ ਫੋਕੀ ਸ਼ੋਹਰਤ ਲਈ ਇਨਸਾਨ ਆਪਸ ਚ ਈਰਖਾ ਕਰਕੇ ਇਨਸਾਨੀਅਤ ਨੂੰ ਭੁੱਲ ਚੁੱਕਾ ਹੈ ਜਿਸਦੇ ਸਿੱਟੇ ਵਜੋਂ ਸੰਸਾਰ ਚ ਲੁੱਟ ਖੋਹ ਤੇ ਮਾਰ ਧਾੜ ਸਿਖਰਾਂ ਤੇ ਹੈ।ਉਹਨਾਂ ਕਿਹਾ ਕਿ ਲਾਲਚ ਵਿੱਚ ਇਨਸਾਨ ਆਪਸੀ ਸਕੇ ਰਿਸ਼ਤੇ ਨਾਤੇ ਵੀ ਗੁਆਂਉਦਾ ਨਜ਼ਰ ਆ ਰਿਹਾ ਹੈ ਜਦ ਕਿ ਇਹ ਇਕ ਕੌੜਾ ਸੱਚ ਹੈ ਕਿ ਇਨਸਾਨ ਦੇ ਨਾਲ ਕੁਝ ਨਹੀਂ ਜਾਣਾ ਤੇ ਉਸ ਨੇ ਖਾਲੀ ਹੱਥ ਜਾਣਾ ਹੈ ਫਿਰ ਵੀ ਇਨਸਾਨ ਪੈਸੇ ਦੀ ਦੌੜ ਚ ਪਾਗਲ ਹੋਇਆ ਫਿਰਦਾ ਹੈ ਤੇ ਖ਼ੁਦ ਨੂੰ ਟੈਨਸ਼ਨਾਂ ਚ ਪਾ ਹਰ ਪਲ ਉਲਝਿਆ ਰਹਿੰਦਾ ਹੈ। ਉਹਨਾ ਕਿਹਾ ਕਿ ਇਹ ਇਨਸਾਨੀਅਤ ਨਹੀਂ ਹੈ ਤੇ ਨਾ ਹੀ ਇਨਸਾਨੀਅਤ ਦਾ ਕੋਈ ਧਰਮ ਹੈ। ਉਹਨਾਂ ਕਿਹਾ ਇਨਸਾਨ ਨੂੰ ਪੈਸੇ ਦਾ ਲੋਭ ਲਾਲਚ ਛੱਡ ਕਿ ਇਨਸਾਨੀਅਤ ਦੀ ਸਾਦੀ ਜਿੰਦਗੀ ਜਿਊਣੀ ਚਾਹੀਦੀ ਹੈ ਤੇ ਹਰ ਮਨੁੱਖ ਦਾ ਭਲਾ ਕਰਨ ਦੀ ਕੋਸ਼ਿਸ਼ ਕਰਨ ਦੇ ਯਤਨ ਵਿੱਚ ਜੁੱਟਣਾ ਚਾਹੀਦਾ ਹੈ ! ਉਹਨਾਂ ਕਿਹਾ ਕਿ ਮਨੁੱਖ ਨੂੰ ਨਫ਼ਰਤ ਦੇ ਬੀਜ ਬੀਜਣ ਦੀ ਥਾਂ ਮੋਹ ਮੁਹੱਬਤ ਤੇ ਪਿਆਰ ਦੇ ਬੀਜ ਬੀਜਣੇ ਚਾਹੀਦੇ ਹਨ। ਉਹਨਾਂ ਕਿਹਾ ਕਿ ਨਫ਼ਰਤ ਇਨਸਾਨ ਨੂੰ ਮੁਕਾਉਂਦੀ ਹੈ ਤੇ ਮੁਹੱਬਤ ਜਿੰਦਗੀ ਨੂੰ ਸੋਹਣਾ ਬਣਾਉਂਦੀ ਹੈ ! ਉਹਨਾ ਕਿਹਾ ਕਿ ਜੰਗ ਕਿਸੇ ਮਸਲੇ ਦਾ ਹੱਲ ਨਹੀਂ ਹੈ । ਹਰ ਮਸਲਾ ਗੱਲਬਾਤ ਨਾਲ ਨਜਿੱਠਿਆ ਜਾ ਸਕਦਾ ਹੈ। ਫੇਰ ਭਾਂਵੇ ਉਹ ਮਸਲਾ ਵੱਖ ਵੱਖ ਦੇਸ਼ ਚ ਛਿੜੀ ਜੰਗ ਦਾ ਹੋਏ ਜਾ ਕਿਸੇ ਘਰ ਦਾ ਮਸਲਾ ਹੋਵੇ ।

# ਨਸ਼ੇ ਦੀ ਲੱਤ ਅੱਜ ਦੇ ਨੌਜਵਾਨਾਂ ਨੂੰ ਚੋਰੀ, ਡਕੈਤੀ ਅਤੇ ਕਤਲ ਵਰਗੇ ਅਪਰਾਧਾਂ ਵੱਲ ਧੱਕ ਰਹੀ ਹੈ : ਬਲਜਿੰਦਰ ਸਿੰਘ ਖਾਲਸਾ

**ਹੁਸ਼ਿਆਰਪੁਰ 5 ਅਪ੍ਰੈਲ ( ਤਰਸੇਮ ਦੀਵਾਨਾ )** – ਆਧੁਨਿਕ ਯੁੱਗ ਵਿੱਚ ਨੈਤਿਕ ਮੁੱਲਾਂ ਦੀ ਗਿਰ-ਾਵਟਤਾ, ਪਰਿਵਾਰਾਂ ਦਾ ਟੁੱਟਣਾ ਅਤੇ ਬੇਰੁਜ਼ਗਾਰੀ ਨੇ ਨੌਜਵਾਨਾਂ ਨੂੰ ਨਸ਼ਿਆਂ ਵੱਲ ਧੱਕ ਦਿੱਤਾ ਹੈ। ਕਈ ਥਾਵਾਂ ਤੇ ਮਾਲਕਾਂ ਤਾ ਵੱਲੋਂ ਮਜ਼ਦੂਰਾਂ ਨੂੰ ਥਕਾਵਟ ਦੂਰ ਕਰਨ ਲਈ ਨਸ਼ੇ ਦਿੱਤੇ ਜਾਂਦੇ ਹਨ। ਸਮਾਜ ਵਿੱਚ ਫੈਲੀ ਹੋਈ ਦਿਖਾਵਟੀ ਟੌਹਰ ਤੇ ਲੱਚਰਤਾ ਵੀ ਨਸ਼ਿਆਂ ਨੂੰ ਵਧਾਉਣ ਆਪਣਾ ਖੂਬ ਹੱਥ ਵਟਾ ਰਹੀ ਹੈ ! ਇਹਨਾਂ ਗੱਲਾਂ ਦਾ ਪ੍ਰਗਟਾਵਾ ਆਯੂਰ ਜੀਵਨ ਆਯੂਰਵੈਦਿਕ ਰਿਸਰਚ ਸੈਂਟਰ ਦੇ ਐਮ ਡੀ ਅਤੇ ਦਲ ਖਾਲਸਾ ਦੇ ਜਿਲ੍ਹਾ ਪ੍ਰਧਾਨ ਬਲਜਿੰਦਰ ਸਿੰਘ ਖਾਲਸਾ ਨੇ ਸਾਡੇ ਪੱਤਰਕਾਰ ਨਾਲ ਇੱਕ ਪ੍ਰੈਸ ਵਾਰਤਾ ਕੀਤਾ ਉਹਨਾਂ ਕਿਹਾ ਕਿ ਨਸ਼ਾ ਇਨਸਾਨ ਦੇ ਸਰੀਰ ਨੂੰ ਹੌਲੀ-ਹੌਲੀ ਖਤਮ ਕਰ ਦਿੰਦਾ ਹੈ। ਭੁੱਖ ਘੱਟ ਲੱਗਣੀ, ਦਿਲ ਬੇਚੈਨ ਰਹਿਣਾ,



ਯਾਦਦਾਸ਼ਤ ਦੀ ਕਮੀ, ਅੰਗ ਕੰਬਣੇ, ਅੱਖਾਂ ਲਾਲ ਹੋਣੀਆਂ ਆਦਿ ਨਸ਼ਿਆਂ ਦੀ ਗ੍ਰਿਫਤ ਵਾਲੇ ਇਨਸਾਨਾਂ ਦੇ ਆਮ ਲੱਛਣ ਬਣ ਜਾਂਦੇ ਹਨ।ਨਸ਼ਾ ਬਹੁਤ ਸਾਰੀਆਂ ਲਾ-ਇਲਾਜ਼ ਬਿਮਾਰੀਆਂ ਦਾ ਕਾਰਨ ਵੀ ਬਣਦਾ ਹੈ। ਉਹਨਾ ਕਿਹਾ ਕਿ ਅੱਜ ਕੱਲ ਨੌਜਵਾਨ ਨਸ਼ੀਲੀਆਂ ਦਵਾਈਆਂ ਜਿਵੇਂ ਅਫੀਮ, ਮਾਰਫੀਨ ਦੇ ਟੀਕੇ, ਸਮੈਕ, ਖੰਘ ਦੀਆਂ ਦਵਾਈਆਂ ਅਤੇ ਦਰਦ ਨਿਵਾਰਕ ਗੋਲੀਆਂ ਦੀ ਦੁਰਵਰਤੋਂ ਕਰ ਰਹੇ ਹਨ, ਜਿਸ ਨਾਲ ਮੌਤਾਂ ਦੀ ਗਿਣਤੀ ਵਿਚ ਲਗਾਤਾਰ ਵਾਧਾ ਹੋ ਰਿਹਾ ਹੈ।ਉਹਨਾਂ ਕਿਹਾ ਕਿ

ਨਸ਼ਾ ਸਿਰਫ਼ ਇਕ ਵਿਅਕਤੀਕਤ ਸਮੱਸਿਆ ਨਹੀਂ, ਸਗੋਂ ਸਮੂਹ ਸਮਾਜ ਲਈ ਘਾਤਕ ਬਣ ਚੁੱਕਾ ਹੈ। ਇਹ ਨੌਜਵਾਨ ਪੀੜ੍ਹੀ ਦੀ ਤਬਾਹੀ ਦੇ ਨਾਲ-ਨਾਲ ਆਰਥਿਕਤਾ ਅਤੇ ਮੂਲ ਨੈਤਿਕਤਾ ਨੂੰ ਵੀ ਖੋਖਲਾ ਕਰ ਰਿਹਾ ਹੈ। ਉਹਨਾਂ ਕਿਹਾ ਕਿ ਅਣਗਿਣਤ ਪਰਿਵਾਰ ਨਸ਼ੇ ਦੇ ਕਾਰਨ ਟੁੱਟ ਗਏ ਹਨ। ਮਾਪੇ ਆਪਣਿਆਂ ਬੱਚਿਆਂ ਦੀ ਬਦਲੀ ਹੋਈ ਸੋਚ ਅਤੇ ਆਚਰਣ ਕਾਰਨ ਡਰ, ਚਿੰਤਾ, ਬੇਚੈਨੀ ਅਤੇ ਆਰਥਿਕ ਸੰਕਟ ਦਾ ਸ਼ਿਕਾਰ ਹੋ ਰਹੇ ਹਨ।ਉਹਨਾ ਕਿਹਾ ਕਿ ਨਸ਼ੇ ਦੀ ਲੱਤ ਨੌਜਵਾਨਾਂ ਨੂੰ ਚੋਰੀ, ਡਕੈਤੀ ਅਤੇ ਕਤਲ ਵਰਗੇ ਅਪਰਾਧਾਂ ਵੱਲ ਧੱਕ ਰਹੀ ਹੈ।ਉਹਨਾਂ ਕਿਹਾ ਕਿ ਨੌਜਵਾਨ ਆਪਣੇ ਨਸ਼ੇ ਦੀ ਲੱਤ ਨੂੰ ਪੂਰਾ ਕਰਨ ਲਈ ਅਕਸਰ ਅਪਰਾਧ ਜਗਤ ਵਿੱਚ ਸ਼ਾਮਲ ਹੋ ਜਾਂਦੇ ਹਨ।

# ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪ੍ਰਕਾਸ਼ ਪੁਰਬ ਨੂੰ ਸਮਰਪਿਤ ਚੰਡੀਗੜ੍ਹ ਤੋਂ ਚਿਤੌੜਗੜ੍ਹ ਲਈ ਜੱਥਾ ਰਵਾਨਾ

## ਚਿਤੌੜਗੜ੍ਹ ਦੀ ਧਰਤੀ ਦਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਜੀਵਨ ਨਾਲ ਗੂੜ੍ਹਾ ਸਬੰਧ ਹੈ : ਸੰਤ ਕੁਲਵੰਤ ਰਾਮ ਭਰੋਮਜਾਰਾ

**ਹੁਸ਼ਿਆਰਪੁਰ 5 ਅਪ੍ਰੈਲ ( ਤਰਸੇਮ ਦੀਵਾਨਾ )** – ਸ੍ਰੀ ਗੁਰੂ ਰਵਿਦਾਸ ਸਾਧੂ ਸੰਪਰਦਾਇ ਸੁਸਾਇਟੀ (ਰਜਿ.) ਪੰਜਾਬ ਦੇ ਪ੍ਰਧਾਨ ਅਤੇ 108 ਡੇਰਾ ਸੰਤ ਬਾਬਾ ਮੇਲਾ ਰਾਮ ਜੀ ਦੇ ਮੁੱਖ ਗੱਦੀ ਨਸ਼ੀਨ ਸੰਤ ਕੁਲਵੰਤ ਰਾਮ ਜੀ ਭਰੋਮਜਾਰਾ ਦੀ ਯੋਗ ਅਗਵਾਈ ਹੇਠ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੇ ਪਾਵਨ ਪ੍ਰਕਾਸ਼ ਦਿਹਾੜੇ ਨੂੰ ਸਮਰਪਿਤ ਸੰਗਤਾਂ ਦਾ ਇੱਕ ਵਿਸ਼ਾਲ ਜੱਥਾ ਚੰਡੀਗੜ੍ਹ ਤੋਂ ਚਿਤੌੜਗੜ੍ਹ (ਰਾਜਸਥਾਨ) ਦੀ ਯਾਤਰਾ ਲਈ ਰਵਾਨਾ ਹੋਇਆ। ਇਸ ਮੌਕੇ ਯਾਤਰਾ ਦੀ ਰਵਾਨਗੀ ਤੋਂ ਪਹਿਲਾਂ ਸ੍ਰੀ ਗੁਰੂ ਰਵਿਦਾਸ ਮੰਦਰ ਮੋਲੀ ਦੀ ਦੀ ਸੰਗਤ ਨੇ ਸੰਤ ਬਾਬਾ ਕੁਲਵੰਤ ਰਾਮ ਅਤੇ ਉਨਾਂ ਦੇ ਨਾਲ ਆਈ ਹੋਈ ਸੰਗਤ ਨੂੰ ਜੀ ਆਇਆ ਆਖਿਆ ਅਤੇ ਸਰੋਪਾ ਪਾ ਕੇ ਉਹਨਾਂ ਦਾ ਸਨਮਾਨ ਕੀਤਾ । ਇਸ ਮੌਕੇ ਮੰਦਰ ਦੀ ਪ੍ਰਬੰਧਕ ਕਮੇਟੀ ਅਤੇ ਭਾਰੀ ਗਿਣਤੀ ਵਿੱਚ ਪਹੁੰਚੀਆਂ ਸੰਗਤਾਂ ਵੱਲੋਂ ਜੱਥੇ ਦਾ ਨਿੱਘਾ ਸਵਾਗਤ ਕੀਤਾ ਗਿਆ। ਧਾਰਮਿਕ ਰੀਤਾਂ ਅਨੁਸਾਰ, ਪ੍ਰਬੰਧਕ ਕਮੇਟੀ ਨੇ ਸੰਤ ਕੁਲਵੰਤ ਰਾਮ ਭਰੋਮਜਾਰਾ ਜੀ ਨੂੰ ਸਿਰੋਪਾਓ ਭੇਂਟ ਕਰਕੇ ਸਨਮਾਨਿਤ ਕੀਤਾ



ਅਤੇ ਯਾਤਰਾ ਦੀ ਸਫਲਤਾ ਲਈ ਅਰਦਾਸ ਕੀਤੀ। ਇਸ ਮੌਕੇ ਸੰਤ ਕੁਲਵੰਤ ਰਾਮ ਭਰੋਮਜਾਰਾ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਕਿਹਾ ਕਿ:"ਇਹ ਯਾਤਰਾ ਸਤਿਗੁਰੂ ਰਵਿਦਾਸ ਮਹਾਰਾਜ ਜੀ ਦੀਆਂ ਸਿੱਖਿਆਵਾਂ ਅਤੇ ਉਨ੍ਹਾਂ ਦੇ ਜੀਵਨ ਫਲਸਫੇ ਨੂੰ ਘਰ-ਘਰ ਪਹੁੰਚਾਉਣ ਦਾ ਇੱਕ ਨਿਮਾਣਾ ਜਿਹਾ ਯਤਨ ਹੈ। ਚਿਤੌੜਗੜ੍ਹ ਦੀ ਧਰਤੀ ਦਾ ਗੁਰੂ ਸਾਹਿਬ ਦੇ ਜੀਵਨ ਨਾਲ ਗੂੜ੍ਹਾ ਸਬੰਧ ਹੈ, ਜਿੱਥੇ ਸੰਗਤਾਂ ਨਤਮ-ਸਤਕ ਹੋ ਕੇ ਗੁਰੂ ਜੀ ਦਾ ਆਸ਼ੀਰਵਾਦ ਪ੍ਰਾਪਤ ਕਰਨਗੀਆਂ। ਇਸ ਮੌਕੇ ਸੰਗਤਾਂ ਵਿੱਚ ਭਾਰੀ ਉਤਸ਼ਾਹ ਦੇਖਣ ਨੂੰ ਮਿਲਿਆ ਅਤੇ 'ਬੋਲੇ ਸੋ ਨਿਰਭੈ, ਸਤਿਗੁਰੂ ਰਵਿਦਾਸ ਮਹਾਰਾਜ ਕੀ ਜੈ' ਦੇ ਜੈਕਾਰਿਆਂ ਦੀ ਗੂੰਜ ਵਿੱਚ ਜੱਥਾ ਅਗਲੇ ਪੜਾਅ ਲਈ ਰਵਾਨਾ ਹੋਇਆ। ਇਸ ਮੌਕੇ ਇਲਾਕੇ ਦੀਆਂ ਪ੍ਰਮੁੱਖ ਸ਼ਖਸੀਅਤਾਂ ਅਤੇ ਵੱਡੀ ਗਿਣਤੀ ਵਿੱਚ ਸ਼ਰਧਾਲੂ ਮੌਜੂਦ ਸਨ। ਇਸ ਮੌਕੇ ਹੋਰਨਾਂ ਤੋ ਇਲਾਵਾ ਰਣਜੀਤ ਕਲਸੀ ਮੁੱਖ ਸੰਪਾਦਕ "ਚੈਕ ਪੋਸਟ " ਅਤੇ ਜਿਲ੍ਹਾ ਪ੍ਰਧਾਨ ਬੇਗਮਪੁਰਾ ਟਾਈਗਰ ਫੋਰਸ ਲੁਧਿਆਣਾ,ਸੰਤ ਹਾਕਮ ਦਾਸ ਸੰਧਵਾ, ਜੋਗਿੰਦਰ ਪਾਲ, ਪਰਮਜੀਤ ਪੰਮਾ, ਲਕਸ਼ਮਣ ਦਾਸ, ਮੋਹਨ ਲਾਲ, ਨਵਜੋਤ ਕੁਮਾਰ, ਕਸ਼ਮੀਰੀ ਲਾਲ, ਰਾਜਵਿੰਦਰ ਕੁਮਾਰ, ਬਿਕਰਮਜੀਤ ਸਿੰਘ, ਬੋਧ ਰਾਮ, ਅਨਰੀਤ ਕੁਮਾਰ, ਵਿਕੀ ਗੜ੍ਹਸ਼ੰਕਰ, ਨਰਿੰਦਰ ਕੁਮਾਰ, ਮੱਖਣ ਚੱਕ ਗੁਰੂ, ਗੁਰਦੀਪ ਸਿੰਘ, ਸੋਨੂ ਰਾਮ, ਹਰਪਾਲ, ਅਰਸ਼ਦੀਪ, ਰੋਸ਼ਨ ਲਾਲ ਟਇ ਹੋਰ ਸ਼ਾਮਿਲ ਸਨ !

**ਫੋਟੋ ਅਜਮੇਰ ਦੀਵਾਨਾ**

# ਹੋਮਿਓਪੈਥਿਕ ਹੈਲਥ ਕਲੀਨਿਕ (ਡਰਬੀ) ਰਜਿ:
# HOMOEOPATHIC HEALTH CLINIC (DERBY) REGD.



MANJEET SINGH KHANBA
Award Winner 1999, 2001 & 2005
(2 Awards) BSYA

(FREE CONSULTATION)

GENERAL DISEASES: (Diabetes), (Asthma), (Arthritis), (Rheumatism), (Sciatica), (Indigestion), (Heart Burning), (Constipation), (Piles), (Haemorrhoids), (Flatulence), (Jaundice), (Hepatitis), (Hernia), (Blood Presure High or Low), (Obesity), (Migraine), (Hair Falling), (Alopecia), (Acne), (Pigmentation), (Bleeding Gums & Pyorrhoea), (Tinnitis), (Vertigo), (Anaemia), (Neuralgia), (Depression).

{ ਖੁਜਲੀ Eczema ਜਾਂ ਸੋਰਾਈਸਿਸ Psoriasis, ਮਿਰਗੀ ਦੇ ਦੌਰੇ Epileptic Fits, ਨਿਰਉਤਸ਼ਾਹ, Depression, ਵਰਗੀਆਂ ਦੁੱਖਦਾਈ ਬੀਮਾਰੀਆਂ ਨੂੰ ਅਸੀਂ ਜੜ੍ਹੋਂ ਖਤਮ ਕਰਦੇ ਹਾਂ }

**EYE DROPS:** ਅੱਖਾਂ ਦੀਆਂ ਸਭ ਤਰ੍ਹਾਂ ਦੀਆਂ ਬਿਮਾਰੀਆਂ ਵਿਚ ਹਰ ਕਿਸੇ ਲਈ ਮਦਦਗਾਰ (ਇਕ ਅਜੂਬਾ) £13

**TONICS** - 1) (ANAEMIA) £120

2) ਮਾਨਸਿਕ ਸ਼ਕਤੀ ਲਈ (NERVE TONIC) £120

## ਮਰਦਾਨਾ ਬੀਮਾਰੀਆਂ-ਕਮਜ਼ੋਰੀਆਂ ਅਤੇ ਤਾਕਤ ਲਈ ਨੁਸਖੇ:

1) £35
2) £35
3) (HEALTHY SPERMS) £40
4) £35
5) £35
6) £30
7) £25
8) £25

ਇਸ ਤੋਂ ਇਲਾਵਾ ਪੁਰਸ਼ਾਂ ਦੇ ਹੋਰ ਗੁਪਤ ਰੋਗ ਜਿਵੇਂ : (AZOOSPERMIA), (HYDROCELE), (GONORRHOEA), (PROSTATE GLAND), (SYPHILIS), (VARICOCELE)

## ਔਰਤਾਂ ਦੀਆਂ ਗੁਪਤ ਬੀਮਾਰੀਆਂ, ਜਿਵੇਂ :

(Dysmenorrhoea), (Atrophy of Mammae), (Mastitis), (Uterus), (Physometra), (Fibroid Uterine), (Diseases of Ovaries), (Ovarian Cysts), (Vaginimus), (Vaginitis), (Frigidity), (Prutitis), (Sterility), (Miscarriage), (Diseases of Post Partum), (Menopause Disorders)

ਨੋਟ: ਜ਼ਰੂਰਤ ਮੁਤਾਬਕ ਔਰਤਾਂ ਦੀ ਚੈਕਿੰਗ ਲਈ ਲੇਡੀ ਕੰਸਲਟੈਂਟ ਦਾ ਪ੍ਰਬੰਧ ਹੈ ।

LADY CONSULTANT & PRACTITIONER IS AVAILABLE, MRS. JASWINDER KAUR KHANBA BSYA (HOM.) (A.P) AND (NUTRL)

## ਔਰਤਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ (SCIENTIFICALLY PROVEN 'NATURAL GIFTS')

INFORMATION

ਨੁਸਖਾ ਨੰਬਰ 1 (IN TABLETS) (PIGMENTATION WHITE SPOTS) £69
ਨੁਸਖਾ ਨੰਬਰ 2 (IN CAPSULES OR IN PEARLS) PROPER SHAPE £89
ਨੁਸਖਾ ਨੰਬਰ 3 (IN CAPSULES) (POWERFUL FAT BURNER) £69
ਨੁਸਖਾ ਨੰਬਰ 4 (IN CAPSULES) FLAT, TONED £69
ਨੁਸਖਾ ਨੰਬਰ 5 (IN CAPSULES) A REAL MAGIC £69
ਨੁਸਖਾ ਨੰਬਰ 6 (GEL IN APPLICATORS) SEXUAL DISCOMFORT, VAGINAL LUBRICATION GEL (MAGIC) £49
ਨੁਸਖਾ ਨੰਬਰ 7 (IN CAPSULES) (MENOPAUSE), CALCIUM, (OSTEOPOROSIS) £59
ਨੁਸਖਾ ਨੰਬਰ 8 (IN CAPSULES) £59
ਨੁਸਖਾ ਨੰਬਰ 9 (IN CAPSULES) £59
ਨੁਸਖਾ ਨੰਬਰ 10 (IN CAPSULES) GUARANTEED GOOD QUALITY SLEEP £59
ਨੁਸਖਾ ਨੰਬਰ 11 (IN TABLETS) (ANAEMIA) £49

ਮਰਦਾਂ ਲਈ ਕੁਦਰਤੀ ਤੋਹਫ਼ੇ ਅਤੇ ਨੁਸਖੇ-ਇਕ ਮਹੀਨੇ ਦੀ ਕੀਮਤ

ਨੁਸਖਾ ਨੰਬਰ 12 (IN TABLETS) (SPECIAL OCCASIONS) £89
ਨੁਸਖਾ ਨੰਬਰ 13 (IN VIALS) £89
ਨੁਸਖਾ ਨੰਬਰ 14 (IN TABLETS) SEXUAL, MALE DISORDERS £69

ਬੱਚਿਆਂ ਦੀ ਬੀਮਾਰੀਆਂ, ਜਿਵੇਂ: (Stammering), (Tonsilits), (Worms), (Enuresis), (Wheezing Problem), (Eczema), (Psoriasis), (Anaemia), (Backward Children), (Rickets), (Epilepsy)

## ਅਸੀਂ EXTERNAL USE ਲਈ LOTION, OIL OINTMENT, LINIMENT ਅਤੇ CAPSULES ... SPECIFIC BRANDS

| | | |
|---|---|---|
| PILAES | (IN OINTMENT) | £19 |
| NURALACO | (IN OINTMENT OR LOTION) | £19 |
| CHILLAGA | (IN OINTMENT OR LOTION) | £19 |
| ARNSTRA | (IN OINTMENT) | £19 |
| BELINFLA | (IN OIL OR OINTMENT) | £19 |
| BELULCE | (IN OIL) ULCERS | £19 |
| BRYJOIN | (IN OIL) | £19 |
| CALWOUN | (IN OIL OR OINTMENT) | £19 |
| BURCAN | (IN LOTION OR OINTMENT) | £19 |
| ROUTUM | (IN OINTMENT) | £19 |
| JOINRHU | (IN OIL) | £19 |
| ABSSIL | (IN LOTION) | £19 |
| ITCSUL | (IN OIL) | £19 |
| WARTHU | (IN OIL) (WARTS) | £19 |

* HOMOEOPATHIC HEALTH CLINIC ... £10 ...

ALL INFORMATION IS KEPT STRICTLY CONFIDENTIAL

PLEASE MAKE AN APPOINTMENT: **MANJEET SINGH KHANBA**
M.A. M.(LIT) BSYA (HOM.) & (A.P.) (ADV. HERBALISM) AND NUTRL) HOM. CONSULTANT & PRACTITIONER,
236, BLAGREAVES LANE, LITTLEOVER, DERBY. DE23 1PS, U.K.
Tel/FAX: 00 44 (0)+1332-72 72 42 Mobile: 00 44 (0)+7973-85 10 12
www.homoeopathichealthclinicderby.com Email : manjeetkhanba@aol.com

OPEN 7 DAYS
STRICTLY ON APPOINTMENTS

# ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸ਼ੀਏਸ਼ਨ ਬਲਾਕ ਭਗਤਾ ਭਾਈ ਕਾ ਦੀ ਮਾਸਿਕ ਇਕੱਤਰਤਾ ਹੋਈ





**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਪੰਜਾਬ ਗੌਰਮਿੰਟ ਪੈਨਸ਼ਨਰਜ਼ ਐਸੋਸ਼ੀਏਸ਼ਨ ਬਲਾਕ ਭਗਤਾ ਭਾਈ ਕਾ ਦੀ ਮਾਸਿਕ ਇਕੱਤਰਤਾ ਨਰੇਗਾ ਭਵਨ ਭਗਤਾ ਭਾਈ ਵਿਖੇ ਪ੍ਰਧਾਨ ਮਾਸਟਰ ਆਤਮ ਤੇਜ ਸ਼ਰਮਾ ਦੀ ਪ੍ਰਧਾਨਗੀ ਹੇਠ ਹੋਈ ਜਿਸ ਵਿੱਚ ਪੈਨਸ਼ਨਰਾਂ ਨੇ ਭਰਵੀਂ ਸ਼ਮੂਲੀਅਤ ਕੀਤੀ। ਆਰੰਭ ਵਿੱਚ ਬਲਾਕ ਭਗਤਾ ਭਾਈ ਕਾ ਦੀਆਂ ਪਿਛਲੇ ਦਿਨੀਂ ਵਿਛੜੀਆਂ ਪੈਨਸ਼ਨਰ ਸਖ਼ਸ਼ੀਅਤਾਂ -- ਬੀਬੀ ਮਲਕੀਤ ਕੌਰ ਅਧਿਆਪਕਾ ਸਿਰੀਏਵਾਲਾ , ਮਾਸਟਰ ਦਰਸ਼ਨ ਸਿੰਘ ਕੋਇਰ ਸਿੰਘ ਵਾਲਾ ਅਤੇ ਸੰਜੀਵ ਕੁਮਾਰ ਭਗਤਾ ਭਾਈ ਸਪੁੱਤਰ ਸਵ. ਬਾਬੂ ਓਮ ਪ੍ਰਕਾਸ਼ ਸਿੱਖਿਆ ਵਿਭਾਗ ਨੂੰ ਦੋ ਮਿੰਟ ਦਾ ਮੋਨ ਰੱਖ ਕੇ ਸ਼ਰਧਾਂਜਲੀ ਦਿੱਤੀ ਗਈ। ਪ੍ਰੋਗਰਾਮ ਦਾ ਆਰੰਭ ਕਰਦਿਆਂ ਗੁਰਜੀਤ ਸਿੰਘ ਭਗਤਾ ਭਾਈ ਸੇਵਾ ਮੁਕਤ ਸਮਾਜਿਕ ਸਿੱਖਿਆ ਤੇ ਪੰਚਾਇਤ ਅਫ਼ਸਰ ਨੇ ਸਮੂਹ ਪੈਨਸ਼ਨਰਾਂ ਨੂੰ ਜਿੱਥੇ ਇਹ ਅਪੀਲ ਕੀਤੀ ਕਿ ਪੰਜਾਬ ਨੈਸ਼ਨਲ ਬੈਂਕ ਨਾਲ ਸੰਬੰਧਿਤ ਪੈਨਸ਼ਨਰ ਦੋ ਸਾਲ ਬਾਅਦ ਬੇਸਿਕ ਪੈਨਸ਼ਨ ਵਜੋਂ ਮਿਲਣ ਵਾਲਾ ਐਲ.ਟੀ.ਸੀ.ਲੈਣ ਲਈ ਪੈਨਸ਼ਨ ਪੋਰਟਲ 'ਤੇ ਐਪਲਾਈ ਕਰਨਾ ਯਕੀਨੀ ਬਣਾਉਣ, ਉੱਥੇ ਨਾਲ ਹੀ ਉਨ੍ਹਾਂ ਸਰਕਾਰ ਵੱਲੋਂ ਬਣਾਈ ਗਈ ਪੈਨਸ਼ਨ ਪੋਰਟਲ ਸੰਬੰਧੀ ਇਸ ਪਾਲਿਸੀ ਦੀ ਨਿਖੇਧੀ ਕਰਦਿਆਂ ਦੱਸਿਆ ਕਿ ਅਜਿਹੇ ਪੋਰਟਲ ਤਿਆਰ ਕਰਕੇ ਸਰਕਾਰ ਪੈਨਸ਼ਨਰਾਂ ਨੂੰ ਪੈਨਸ਼ਨ ਤੋਂ ਵਿਰਵੇ ਕਰਨ ਲਈ ਹੱਥ-ਕੰਡੇ ਅਪਣਾ ਰਹੀ ਹੈ। ਉਨ੍ਹਾਂ ਜੁਲਾਈ ਮਹੀਨੇ ਤੱਕ ਇਨਕਮ ਟੈਕਸ ਦੀਆਂ ਰਿਟਰਨਾਂ ਭਰਨ ਲਈ ਵੀ ਪੈਨਸ਼ਨਰਾਂ ਨੂੰ ਜਾਗਰੂਕ ਕੀਤਾ। ਭਾਈ ਕੌਰ ਸਿੰਘ ਕੋਠਾ ਗੁਰੂ ਨੇ ਅੱਜ ਦੀ ਇਕੱਤਰਤਾ ਵਿੱਚ 80 ਸਾਲ ਦੀ ਉਮਰ ਪੂਰੀ ਕਰਨ ਵਾਲੀਆਂ ਸ਼ਖ਼ਸ਼ੀਅਤਾਂ -- ਸਿਹਤ ਵਿਭਾਗ ਦੇ ਡਾਕਟਰ ਸੋਢੀ ਬਲਵਿੰਦਰ ਸਿੰਘ ਕੋਠਾ ਗੁਰੂ ਅਤੇ ਉਨ੍ਹਾਂ ਦੀ ਧਰਮ ਪਤਨੀ ਅਧਿਆਪਕਾ ਬੀਬੀ ਬਲਬੀਰ ਕੌਰ ਦੇ ਪਰਿਵਾਰਕ ਪਿਛੋਕੜ ਬਾਰੇ ਵਿਸਥਾਰ ਵਿੱਚ ਜਾਣਕਾਰੀ ਦਿੰਦਿਆਂ ਦੱਸਿਆ ਕਿ ਸੋਢੀ ਬਲਵਿੰਦਰ ਸਿੰਘ, ਮਹਾਰਾਜਾ ਰਣਜੀਤ ਸਿੰਘ ਦੇ ਅਹਿਲਕਾਰ/ਬਹਾਦਰ ਸਿਪਾਹੀ ਸੋਢੀ ਫੌਜਦਾਰ ਸਿੰਘ ਦੀ ਵੰਸ਼ ਵਿੱਚੋਂ ਹਨ ਜਿਨ੍ਹਾਂ ਨੂੰ ਜਿੱਥੇ ਮਹਾਰਾਜੇ ਵੱਲੋਂ 100 ਘੋੜ ਸਵਾਰ ਰੱਖਣ ਦਾ ਅਧਿਕਾਰ ਪ੍ਰਾਪਤ ਸੀ ਉੱਥੇ ਜਲੰਧਰ, ਹੁਸ਼ਿਆਰਪੁਰ ਜ਼ਿਲ੍ਹਿਆਂ ਵਿੱਚ ਕਈ ਪਿੰਡ ਜਾਗੀਰ ਵਿੱਚ ਦਿੱਤੇ ਗਏ ਸਨ। ਉਨ੍ਹਾਂ ਸੋਢੀ ਬਲਵਿੰਦਰ ਸਿੰਘ ਦੀ ਅਦੁੱਤੀ ਸਖ਼ਸ਼ੀਅਤ ਬਾਰੇ ਚਾਨਣਾ ਪਾਉਂਦਿਆਂ ਉਨ੍ਹਾਂ ਵੱਲੋਂ ਵੱਖ-ਵੱਖ ਸਭਾ ਸੋਸਾਇਟੀਆਂ, ਤਰਕਸ਼ੀਲ ਲਹਿਰ, ਕਰਮਚਾਰੀ ਯੂਨੀਅਨ ਅਤੇ ਸਾਹਿਤ ਵਿੱਚ ਪਾਏ ਗਏ ਯੋਗਦਾਨ ਦਾ ਵਿਸਥਾਰਿਤ ਜ਼ਿਕਰ ਕੀਤਾ। ਐਸੋਸੀਏਸ਼ਨ ਸਰਪ੍ਰਸਤ ਮਾਸਟਰ ਗੁਰਚਰਨ ਸਿੰਘ ਭਗਤਾ ਭਾਈ ਨੇ ਬਹੁਤ ਹੀ ਭਾਵਪੂਰਤ ਸ਼ਬਦਾਂ ਦੁਆਰਾ ਸੋਢੀ ਬਲਵਿੰਦਰ ਸਿੰਘ ਵੱਲੋਂ ਤਰਕਸ਼ੀਲ ਜਥੇਬੰਦੀ ਵਿੱਚ ਨਿਭਾਈ ਗਈ ਭੂਮਿਕਾ/ਸੇਵਾ ਦੀ ਪ੍ਰਸੰਸਾ ਕਰਦਿਆਂ ਦੱਸਿਆ ਕਿ ਵਾਸਤਵ ਵਿੱਚ ਸਿੱਖ ਧਰਮ ਦੀ ਨੀਂਵ ਹੀ ਤਰਕ ਆਧਾਰਿਤ ਹੈ। ਉਨ੍ਹਾਂ ਗੁਰਬਾਣੀ ਦੇ ਹਵਾਲਿਆਂ ਨਾਲ ਦੱਸਿਆ ਕਿ ਸਾਰੇ ਸਿੱਖ ਗੁਰੂ ਸਾਹਿਬਾਨ ਖ਼ੁਦ ਤਰਕਸ਼ੀਲ ਸੋਚ ਦੇ ਧਾਰਨੀ ਸਨ। ਐਸੋਸੀਏਸ਼ਨ ਪ੍ਰਧਾਨ ਮਾਸਟਰ ਆਤਮ ਤੇਜ ਸ਼ਰਮਾ ਕੋਠਾ ਗੁਰੂ ਨੇ ਸਨਮਾਨਿਤ ਹੋਣ ਜਾ ਰਹੀਆਂ ਸ਼ਖ਼ਸ਼ੀਅਤਾਂ ਦੀ ਨਿਮ੍ਰਤਾ, ਤਨਦੇਹੀ/ਈਮਾਨਦਾਰੀ ਨਾਲ ਨਿਭਾਈ ਗਈ ਸਰਕਾਰੀ ਸੇਵਾ ਦੇ ਜ਼ਿਕਰ ਤੋਂ ਇਲਾਵਾ ਇਹ ਵੀ ਦੱਸਿਆ ਕਿ ਸੋਢੀ ਬਲਵਿੰਦਰ ਸਿੰਘ ਪੈਨਸ਼ਨਰ ਐਸੋਸੀਏਸ਼ਨ ਭਗਤਾ ਭਾਈ ਦੇ ਸਲਾਹਕਾਰ ਵਜੋਂ ਵੀ ਐਸੋਸ਼ੀਏਸ਼ਨ ਨੂੰ ਯੋਗ ਅਗਵਾਈ ਦੇ ਰਹੇ ਹਨ। ਮਾਸਟਰ ਜੀ ਨੇ ਦੋਨੋਂ ਸਨਮਾਨਿਤ ਸ਼ਖ਼ਸ਼ੀਅਤਾਂ ਦੀ ਲੰਬੀ ਆਯੂ ਦੀ ਵੀ ਕਾਮਨਾ ਕੀਤੀ। ਮਾਸਟਰ ਲਾਭ ਸਿੰਘ ਡੋਡ ਨੇ ਦੇਸ਼ ਦੀ ਨਾਜ਼ੁਕ ਅਵਸਥਾ ਨੂੰ ਬਿਆਨ ਕਰਦੀ ਆਪਣੀ ਕਾਵਿ ਰਚਨਾ ਦੁਆਰਾ ਹਾਜ਼ਿਰੀ ਲਵਾਈ। ਉਪਰੰਤ ਸਨਮਾਨ ਦੀ ਰਸਮ ਅਦਾ ਕੀਤੀ ਗਈ। ਬੀਬੀ ਸੱਤਪਾਲ ਕੌਰ ਭਗਤਾ ਭਾਈ ਕਾ ਵੱਲੋਂ ਅਧਿਆਪਕਾ ਬੀਬੀ ਬਲਬੀਰ ਕੌਰ ਸੋਢੀ ਦਾ ਕੀਮਤੀ ਸ਼ਾਲ ਪਹਿਨਾ ਕੇ ਫੋਟੋ ਜੜਿਤ ਸੁੰਦਰ ਮੋਮੈਂਟੋ ਦੁਆਰਾ ਸਨਮਾਨ ਕੀਤਾ ਗਿਆ। ਇਨ੍ਹਾਂ ਤੋਂ ਬਾਅਦ ਸੋਢੀ ਬਲਵਿੰਦਰ ਸਿੰਘ ਦਾ ਸਰਪ੍ਰਸਤ ਮਾਸਟਰ ਗੁਰਚਰਨ ਸਿੰਘ, ਪ੍ਰਧਾਨ ਮਾਸਟਰ ਆਤਮ ਤੇਜ ਸ਼ਰਮਾ ਵੱਲੋਂ ਲੋਈ ਅਤੇ ਸੁੰਦਰ ਤਸਵੀਰ ਜੜਿਤ ਸਿਮ੍ਰਤੀ ਚਿੰਨ੍ਹ ਭੇਟ ਕਰਕੇ ਜੈਕਾਰਿਆਂ ਦੀ ਗੂੰਜ ਵਿੱਚ ਸਨਮਾਨ ਕੀਤਾ ਗਿਆ। ਭਾਈ ਕੌਰ ਸਿੰਘ ਵੱਲੋਂ ਰਸ਼ੀਅਨ ਨਾਵਲ 'ਪਹਿਲਾ ਅਧਿਆਪਕ', ਨੌਜਵਾਨ ਲੇਖਕ ਗਗਨਦੀਪ ਸਿੰਘ ਫੂਲ ਦੀ ਲਿਖੀ ਪੁਸਤਕ 'ਜੀਵਨੀ ਅੰਬੇਦਕਰ' ਅਤੇ ਸਿਕੰਦਰ ਮਾਨਵ ਚੰਦਭਾਨ ਦਾ ਕਾਵਿ ਸੰਗ੍ਰਹਿ ਆਦਿਕ ਪੁਸਤਕ ਸੋਢੀ ਸਾਹਿਬ ਨੂੰ ਭੇਟ ਕੀਤੇ ਗਏ। ਦੋਨੋਂ ਸਨਮਾਨਿਤ ਸਖ਼ਸ਼ੀਅਤਾਂ ਵੱਲੋਂ ਵੀ ਸਾਂਝੇ ਤੌਰ ਤੇ ਪੈਨਸ਼ਨਰ ਐਸੋਸ਼ੀਏਸ਼ਨ ਭਗਤਾ ਭਾਈ ਕਾ ਨੂੰ 10,000/- ਰੁਪਏ ਦੀ ਸਹਾਇਤਾ ਰਾਸ਼ੀ ਭੇਟ ਕੀਤੀ ਗਈ। ਇਸ ਸਮੇਂ ਸੋਢੀ ਬਲਵਿੰਦਰ ਸਿੰਘ ਨੇ ਸਾਰੇ ਹਾਜ਼ਰੀਨ ਦਾ ਬਹੁਤ-ਬਹੁਤ ਧੰਨਵਾਦ ਕਰਦਿਆਂ ਕਿਹਾ ਕਿ ਪੈਨਸ਼ਨਰ ਐਸੋਸ਼ੀਏਸ਼ਨ ਭਗਤਾ ਭਾਈ ਕਾ ਵੱਲੋਂ ਉਨ੍ਹਾਂ ਨੂੰ ਦਿੱਤਾ ਗਿਆ ਇਹ ਸਨਮਾਨ ਸਦੈਵ ਯਾਦ ਰਹੇਗਾ। ਸਮਾਗਮ ਵਿਚ ਪੁੱਜੇ ਪੈਨਸ਼ਨਰ ਸਾਥੀਆਂ ਵਿੱਚੋਂ -- ਮਾਸਟਰ ਅਮਰਜੀਤ ਸਿੰਘ ਭਗਤਾ ਭਾਈ ਵਿੱਤ ਸਕੱਤਰ, ਮਾਸਟਰ ਨਛੱਤਰ ਸਿੰਘ, ਮਾਸਟਰ ਰਣਜੋਧ ਸਿੰਘ, ਮਾਸਟਰ ਗੁਰਦੀਪ ਸਿੰਘ, ਮਾਸਟਰ ਸੁਰਜੀਤ ਸਿੰਘ, ਬੂਟਾ ਸਿੰਘ, ਸੁਰਜਨ ਸਿੰਘ, ਪਟਵਾਰੀ ਦਰਸ਼ਨ ਸਿੰਘ, ਹਾਕਮ ਸਿੰਘ ਕੋਆਪਰੇਟਿਵ ਵਿਭਾਗ (ਸਾਰੇ ਭਗਤਾ ਭਾਈ), ਮਾਸਟਰ ਰੂਪ ਸਿੰਘ ਆਕਲੀਆ ਜਲਾਲ, ਮਾਸਟਰ ਕਰਨੈਲ ਸਿੰਘ, ਮਾਸਟਰ ਜੋਰਾ ਸਿੰਘ (ਦੋਵੇਂ ਬੁਰਜ ਥਰੋੜ), ਬਲਵਿੰਦਰ ਸਿੰਘ, ਤੇਜਾ ਸਿੰਘ, ਮਾਸਟਰ ਦਰਬਾਰਾ ਸਿੰਘ, ਮਾਸਟਰ ਸੁਰਜੀਤ ਸਿੰਘ (ਦੋਵੇਂ ਮਲੂਕਾ), ਮਾਸਟਰ ਨਛੱਤਰ ਸਿੰਘ ਮਾਨ, ਮਾਸਟਰ ਬੰਤਾ ਸਿੰਘ ਮਾਨ (ਦੋਨੋਂ ਕੋਠਾ ਗੁਰੂ) ਆਦਿਕ ਸ਼ਖ਼ਸ਼ੀਅਤਾਂ ਦੇ ਨਾਉਂ ਵਰਨਣਯੋਗ ਹਨ। ਉਪਰੰਤ ਅਨੇਕ ਤਰ੍ਹਾਂ ਦੇ ਮਿਸ਼ਟਾਨਾਂ ਸਮੇਤ ਚਾਹ ਪਾਰਟੀ ਕਰ ਕੇ ਸਮਾਗਮ ਦੀ ਸਮਾਪਤੀ ਕੀਤੀ ਗਈ।

# ਸਾਰੀਕਾ ਘਈ ਬੀਕਾਮ ਵਿਭਾਗ ਦੇ ਪਹਿਲੇ ਸਮੈਸਟਰ 'ਚ ਰਹੀ ਅਵੱਲ





ਹੋਣਹਾਰ ਵਿਦਿਆਰਥੀ
ਸਾਰੀਕਾ ਘਈ ਅਤੇ ਗੁਰਿੰਦਰ ਕੌਰ

**ਨਵਾਂਸ਼ਹਿਰ, 5 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਕਰਿਆਮ ਰੋਡ 'ਤੇ ਸਥਿਤ ਕੇਸੀ ਸਕੂਲ ਆਫ਼ ਮੈਨੇਜਮੈਂਟ ਐਂਡ ਕੰਪਿਊਟਰ ਐਪਲੀਕੇਸ਼ਨਜ਼ (ਕੇਸੀਐਸਐਮਸੀਏ) ਕਾਲਜ ਦੇ ਇੰਦਰ ਕੁਮਾਰ ਗੁਜਰਾਲ ਪੰਜਾਬ ਟੈਕਨੀਕਲ ਯੂਨੀਵਰਸਿਟੀ ਵੱਲੋਂ ਐਲਾਨੇ ਗਏ ਬੀਕਾਮ (ਬੈਚਲਰ ਆਫ਼ ਕਾਮਰਸ) ਦਾ ਨਵੰਬਰ-ਦਸੰਬਰ 2025 ਦੇ ਪਹਿਲੇ ਸਮੈਸਟਰ ਦਾ ਨਤੀਜਾ ਸ਼ਾਨਦਾਰ ਰਿਹਾ ਹੈ। ਕਾਲਜ ਮੁੱਖੀ ਪ੍ਰਭਜੋਤ ਕੌਰ ਅਤੇ ਵਿਭਾਗ ਮੁਖੀ ਵਰਸ਼ਾ ਸ਼ਰਮਾ ਨੇ ਦੱਸਿਆ ਕਿ ਸਾਰੀਕਾ ਘਈ ਨੇ 9.08 ਐਸਜੀਪੀਏ (ਸਮੈਸਟਰ ਗ੍ਰੇਡ ਪੁਆਇੰਟ ਔਸਤ) ਨਾਲ ਕਾਲਜ 'ਚ ਪਹਿਲਾ, ਗੁਰਿੰਦਰ ਕੌਰ ਨੇ 8.64 ਐਸਜੀਪੀਏ ਲੈ ਕੇ ਦੂਜਾ ਸਥਾਨ ਹਾਸਲ ਕੀਤਾ ਹੈ। ਕੇਸੀ ਗਰੁੱਪ ਦੇ ਚੇਅਰਮੈਨ ਪ੍ਰੇਮਪਾਲ ਗਾਂਧੀ, ਕੈਂਪਸ ਡਾਇਰੈਕਟਰ ਡਾ. ਅਵਤਾਰ ਚੰਦ ਰਾਣਾ, ਵਰਸ਼ਾ ਸ਼ਰਮਾ ਅਤੇ ਜਸਦੀਪ ਕੌਰ ਨੇ ਇਨ੍ਹਾਂ ਹੋਣਹਾਰ ਵਿਦਿਆਰਥੀਆਂ ਨੂੰ ਵਧਾਈ ਦਿੱਤੀ ਹੈ।

# ਸੂਬਾ ਸਰਕਾਰ ਅਤੇ ਕੇਂਦਰ ਸਰਕਾਰ ਸਾਰੀਆਂ ਥਾਵਾਂ ਤੇ ਸਥਾਪਿਤ ਬਾਬਾ ਸਾਹਿਬ ਦੀਆਂ ਮੂਰਤੀਆਂ ਦੀ ਰੱਖਿਆ ਅਤੇ ਸਤਿਕਾਰ ਲਈ ਠੋਸ ਕਦਮ ਚੁੱਕੇ : ਰਣਜੀਤ ਰਾਣਾ



**ਹੁਸ਼ਿਆਰਪੁਰ 5 ਅਪ੍ਰੈਲ (ਤਰਸੇਮ ਦੀਵਾਨਾ )** - ਬੀਤੇ ਦਿਨੀ ਹਲਕੇ ਦੇ ਪਿੰਡ ਨੂਰਪੁਰ ਜੱਟਾਂ ਚ ਭਾਰਤੀ ਸੰਵਿਧਾਨ ਦੇ ਨਿਰਮਾਤਾ ਬਾਬਾ ਸਾਹਿਬ ਡਾ. ਬੀ. ਆਰ. ਅੰਬੇਡਕਰ ਦੇ ਬੁੱਤ ਦੀ ਕੀਤੀ ਗਈ ਬੇਅਦਬੀ ਸੂਬਾ ਸਰਕਾਰ ਅਤੇ ਕੇਂਦਰ ਸਰਕਾਰ ਦੀਆਂ ਨਲਾਇਕੀ ਦਾ ਸਿੱਟਾ ਹੈ! ਇਹਨਾਂ ਗੱਲਾਂ ਦਾ ਪ੍ਰਗਟਾਵਾ ਪਿੰਡ ਪੁਰਹੀਰਾਂ ਦੇ ਲੰਬੜਦਾਰ ਅਤੇ ਉੱਘੇ ਸਮਾਜ ਸੇਵਕ ਰਣਜੀਤ ਸਿੰਘ ਰਾਣਾ ਨੇ ਕੁਝ ਚੋਣਵੇ ਪੱਤਰਕਾਰਾਂ ਨਾਲ ਇੱਕ ਪ੍ਰੈਸ ਵਾਰਤਾ ਦੌਰਾਨ ਕੀਤਾ । ਉਨ੍ਹਾਂ ਕਿਹਾ ਕਿ 31 ਮਾਰਚ, 2026 ਨੂੰ ਹੁਸ਼ਿਆਰਪੁਰ ਜ਼ਿਲ੍ਹੇ ਦੇ ਨੂਰਪੁਰ ਜੱਟਾਂ ਪਿੰਡ ਵਿੱਚ ਬਾਬਾ ਸਾਹਿਬ ਦੇ ਬੁੱਤ ਦੀ ਸ਼ਰਾਰਤੀ ਅਨਸਰਾਂ ਵਲੋਂ ਤੋੜ-ਭੰਨ੍ਹ ਕੀਤੀ ਗਈ ਸੀ, ਜੋ ਕਿ ਬਹੁਤ ਹੀ ਮੰਦਭਾਗੀ ਗੱਲ ਹੈ। ਇਹ ਸਿਰਫ਼ ਇੱਕ ਇਕੱਲੀ ਘਟਨਾ ਨਹੀਂ ਹੈ, ਸਗੋਂ ਪਿਛਲੇ ਵਿੱਚ ਪਿੱਛਲੇ 4 ਸਾਲਾਂ ਵਿੱਚ 9ਵੀਂ ਅਜਿਹੀ ਘਟਨਾ ਹੈ, ਜੋ ਸਮਾਜਿਕ ਸਦਭਾਵਨਾ ਨੂੰ ਭੰਗ ਕਰਨ ਦੀ ਜਾਣਬੁੱਝ ਕੇ ਕੀਤੀ ਗਈ ਸਾਜਿਸ਼ ਜਾਪਦੀ ਹੈ। ਉਹਨਾਂ ਕਿਹਾ ਕਿ ਅਜਿਹੀਆਂ ਘਟਨਾਵਾਂ ਭਾਈਚਾਰੇ ਦੀਆਂ ਭਾਵਨਾਵਾਂ ਨੂੰ ਭਾਰੀ ਠੇਸ ਪਹੁੰਚਾਉਂਦੀਆਂ ਹਨ। ਉਨ੍ਹਾਂ ਮੰਗ ਕੀਤੀ ਕਿ ਪੁਲਿਸ ਪ੍ਰਸ਼ਾਸਨ ਤੁਰੰਤ ਇਸ ਘਿਣਾਉਣੀ ਘਟਨਾ ਨੂੰ ਅੰਜਾਮ ਦੇਣ ਵਾਲੇ ਦੋਸ਼ੀਆਂ ਨੂੰ ਗ੍ਰਿਫਤਾਰ ਕਰਕੇ ਉਨ੍ਹਾਂ ਦੇ ਖਿਲਾਫ ਸਖਤ ਤੋਂ ਸਖਤ ਕਾਰਵਾਈ ਕਰੇ ਅਤੇ ਹੁਣ ਤੱਕ ਵਾਪਰੀਆਂ ਸਾਰੀਆਂ ਘਟਨਾਵਾਂ, ਜਿਸ ਵਿੱਚ ਪਿੰਡ ਨੂਰਪੁਰ ਜੱਟਾਂ ਦੀ ਘਟਨਾ ਵੀ ਸ਼ਾਮਲ ਹੈ, ਵਿੱਚ ਸਖ਼ਤ ਕਾਰਵਾਈ ਯਕੀਨੀ ਬਣਾਉਣ। ਉਹਨਾਂ ਮੰਗ ਕੀਤੀ ਕਿ ਸੂਬਾ ਸਰਕਾਰ ਸਾਰੀਆਂ ਥਾਵਾਂ ਤੇ ਸਥਾਪਿਤ ਬਾਬਾ ਸਾਹਿਬ ਦੀਆਂ ਮੂਰਤੀਆਂ ਦੀ ਰੱਖਿਆ ਅਤੇ ਸਤਿਕਾਰ ਲਈ ਠੋਸ ਕਦਮ ਚੁੱਕੇ ਅਤੇ ਦੋਸ਼ੀਆਂ ਤੇ ਸਖਤ ਕਾਰਵਾਈ ਕਰੇ ।

# ਉਸਾਰੀ ਮਿਸਤਰੀ ਮਜ਼ਦੂਰ ਯੂਨੀਅਨ ਦੇ ਆਗੂ ਮਦਨ ਲਾਲ ਨੂੰ ਸ਼ਰਧਾਂਜਲੀਆਂ ਭੇਟ

**ਨਵਾਂਸ਼ਹਿਰ /ਕਾਠਗੜ੍ਹ 5 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਉਸਾਰੀ ਮਿਸਤਰੀ ਮਜ਼ਦੂਰ ਯੂਨੀਅਨ (ਇਫਟੂ) ਇਲ-ੱਕਾ ਕਮੇਟੀ ਬਲਾਚੌਰ ਦੇ ਕਨਵੀਨਰ ਸਾਥੀ ਮਦਨ ਲਾਲ (62) ਨੂੰ ਉਹਨਾਂ ਦੇ ਪਿੰਡ ਨੱਥਾ ਨੰਗਲ ਵਿਖੇ ਵੱਖ ਵੱਖ ਆਗੂਆਂ ਵੱਲੋਂ ਸ਼ਰਧਾਂਜਲੀਆਂ ਭੇਟ ਕੀਤੀਆਂ ਗਈਆਂ।ਪਰਿਵਾਰ ਵੱਲੋਂ ਰੱਖੇ ਅਖੰਡ ਪਾਠ ਦੇ ਭੋਗ ਪੈਣ ਉਪਰੰਤ ਸ਼ਰਧਾਂਜਲੀਆਂ ਭੇਟ ਕਰਦਿਆਂ ਸੀ ਪੀ ਆਈ (ਐੱਮ ਐੱਲ ) ਨਿਊ ਡੈਮੋਕਰੇਸੀ ਦੇ ਆਗੂ ਕੁਲਵਿੰਦਰ ਸਿੰਘ ਵੜੈਚ,ਇਫਟੂ ਦੇ ਸੂਬਾ ਸਕੱਤਰ ਸਕੱਤਰ ਅਵਤਾਰ ਸਿੰਘ ਤਾਰੀ ,ਕਿਰਤੀ ਕਿਸਾਨ ਯੂਨੀਅਨ ਦੇ ਜਿਲਾ ਪ੍ਰਧਾਨ ਸੁਰਿੰਦਰ ਸਿੰਘ ਬੈਂਸ ਅਤੇ



ਮਦਨ ਲਾਲ ਨੂੰ ਸ਼ਰਧਾਂਜਲੀ ਭੇਟ ਕਰਦੇ ਹੋਏ ਆਗੂ ਅਤੇ ਲੋਕਾਂ ਦਾ ਇਕੱਠ।

ਮਾਸਟਰ ਮਹਿੰਦਰ ਪਾਲ ਨੇ ਕਿਹਾ ਕਿ ਮਦਨ ਲਾਲ ਦੇ ਤੁਰ ਜਾਣ ਨਾਲ ਜਥੇਬੰਦੀ ਅਤੇ ਸਮਾਜ ਨੂੰ ਵੱਡਾ ਘਾਟਾ ਪਿਆ ਹੈ।ਉਹਨਾਂ ਨੇ ਇਲਾਕਾ ਬਲਾਚੌਰ ਵਿੱਚ ਉਸਾਰੀ ਮਿਸਤਰੀ ਮਜ਼ਦੂਰ ਯੂਨੀਅਨ ਬਣਾਉਣ ਵਿੱਚ ਅਹਿਮ ਭੂਮਿਕਾ ਨਿਭਾਈ।ਮਦਨ ਲਾਲ ਹੁਣਾ ਨੇ ਹਮੇਸ਼ਾਂ ਹੱਕ ਅਤੇ ਸੱਚ ਦਾ ਸਾਥ ਦਿੱਤਾ।ਇਸ ਮੌਕੇ ਇਫਟੂ ਦੇ ਜਿਲਾ ਪ੍ਰਧਾਨ ਗੁਰਦਿਆਲ ਰੱਕੜ, ਪੇਂਡੂ ਮਜ਼ਦੂਰ ਯੂਨੀਅਨ ਦੇ ਜਿਲਾ ਆਗੂ ਕਮਲਜੀਤ ਸਨਾਵਾ, ਉਸਾਰੀ ਮਿਸਤਰੀ ਮਜ਼ਦੂਰ ਯੂਨੀਅਨ ਦੇ ਜਿਲਾ ਆਗੂ ਨਿਰਮਲ ਸਿੰਘ ਜੰਡੀ, ਸੁਰਜੀਤ ਸਿੰਘ ਸਰਪੰਚ ਪੈਲੀ, ਅਸ਼ੋਕ ਕਲਾਰ, ਪਰਸ਼ੋਤਮ ਲਾਲ,ਬੂਟਾ ਸਿੰਘ ਵੀ ਮੌਜੂਦ ਸਨ।

# ਭੁਲੱਥ ਕਬੱਡੀ ਕੱਪ ਦੇ ਦੇਸ਼ਾਂ ਵਿਦੇਸ਼ਾਂ ਤੱਕ ਚਰਚੇ !

**(ਸਵ: ਅਵਤਾਰ ਸਿੰਘ ਬੱਲ ਯਾਦਗਾਰੀ 57ਵਾਂ ਕਬੱਡੀ ਕੱਪ)**

**ਭੁਲੱਥ ਨਕੋਦਰ ਮਹਿਤਪੁਰ 5 ਅਪ੍ਰੈਲ (ਹਰਜਿੰਦਰ ਪਾਲ ਛਾਬੜਾ)** ਸਬ ਡਵੀਜ਼ਨ ਕਸਬਾ ਭੁਲੱਥ ਵਿਖੇ ਬੱਲ ਇਨਕਾਰਪੋਰੇਸ਼ਨ ਤੇ ਭੁਲੱਥ ਕਬੱਡੀ ਕਲੱਬ ਵੱਲੋਂ 13-14 ਤੇ 15 ਅਪ੍ਰੈਲ ਨੂੰ ਉੱਥੇ ਕਬੱਡੀ ਪ੍ਰਮੋਟਰ ਸਵ: ਅਵਤਾਰ ਸਿੰਘ ਬੱਲ ਦੀ ਯਾਦ ਵਿਚ ਕਰਵਾਏ ਜਾਣ ਵਾਲੇ 57ਵੇਂ ਕਬੱਡੀ ਕੱਪ ਦੇ ਚਰਚੇ ਦੇਸ਼ਾਂ ਵਿਦੇਸ਼ਾਂ ਤੱਕ ਹੋ ਰਹੇ ਹਨ। ਜਿੱਥੇ ਖਿਡਾਰੀਆ ਨੂੰ ਤਾਂ ਵੱਡੇ ਇਨਾਮ ਦਿੱਤੇ ਜਾਣਗੇ ਉੱਥੇ ਦਰਸ਼ਕਾਂ ਨੂੰ ਮਹਿੰਗੇ ਤੇ ਕੀਮਤੀ ਤੋਹਫੇ ਲੱਕੀ ਕੂਪਨਾਂ ਨਾਲ ਦੇਣ ਦਾ ਉਪਰਾਲਾ ਕੀਤਾ ਜਾ ਰਿਹਾ।ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਕਲੱਬ ਦੇ ਪ੍ਰਧਾਨ ਤੇ ਉੱਘੇ ਸਮਾਜ ਸੇਵਕ ਪ੍ਰਭਜੋਤ ਸਿੰਘ ਘੁੰਮਣ ਨੇ ਦੱਸਿਆ ਕਿ ਆਲ ਓਪਨ ਟੀਮਾਂ ਵਿਚ ਖੇਡੇ ਜਾਣ ਵਾਲੇ ਮੈਚਾਂ ਚੋ ਪਹਿਲਾ ਇਨਾਮ 17 ਲੱਖ ਰੁਪਏ ਅਤੇ ਦੂਜਾ ਇਨਾਮ 12 ਲੱਖ ਰੁਪਏ ਸਮੇਤ ਸ਼ਾਨਦਾਰ ਕੱਪ ਦਿੱਤੇ ਜਾਣਗੇ। ਇਸ ਤੋਂ ਇਲਾਵਾ ਟੂਰਨਾਮੈਂਟ ਦੇ ਬੈਸਟ ਰੇਡਰ ਤੇ ਜਾਫੀ ਨੂੰ ਹਾਰਲੇ ਮੋਟਰ ਸਾਈਕਲ ਨਾਲ ਸਨਮਾਨਿਤ ਕੀਤਾ ਜਾਵੇਗਾ ਜਦ ਕਿ ਟੂਰਨਾਮੈਂਟ ਦੇ ਬੈਸਟ ਖਿਡਾਰੀ ਦਾ 1 ਕਰੋੜ ਰੁਪਏ ਦਾ ਬੀਮਾ ਕਰਕੇ ਦਿੱਤਾ ਜਾਵੇਗਾ।ਪ੍ਰਧਾਨ ਘੁੰਮਣ ਨੇ ਕਿਹਾ ਇਸ ਕਬੱਡੀ ਕੱਪ ਵਿਚ ਖਿਡਾਰੀ ਤਾਂ ਵੱਡੇ ਇਨਾਮ ਜਿੱਤਣਗੇ ਉੱਥੇ ਦਰਸ਼ਕਾਂ ਨੂੰ ਵੀ




ਬੁਲੱਟ, ਮੋਟਰ ਸਾਈਕਲ, ਸਕੂਟਰੀਆਂ, ਐੱਲ.ਈ.ਡੀ. ਆਦਿ ਤੋਹਫੇ ਲੱਕੀ ਕੂਪਨਾਂ ਤੇ ਰਾਹੀਂ ਦਿੱਤੇ ਜਾਣਗੇ। ਘੁੰਮਣ ਨੇ ਦੱਸਿਆ ਕਿ ਬੀਤੇ ਸਾਲ ਵੀ ਇਸੇ ਟੂਰਨਾਮੈਂਟ ਨੇ ਦੁਨੀਆ ਭਰ ਦੀਆ ਨਜ਼ਰਾਂ ਆਪਣੇ ਵੱਲ ਖਿੱਚ ਲਈਆਂ ਸਨ ਜਦੋਂ ਖਿਡਾਰੀਆ ਦੀ ਇਕ-ਇਕ ਰੇਡ ਤੇ ਲੱਖਾਂ ਰੁਪਏ ਦੇ ਇਨਾਮ ਲਗਾਏ ਗਏ ਸਨ ਅਤੇ ਟਰੈਕਟਰ, ਹਾਰਲੇ ਮੋਟਰ ਸਾਈਕਲ ਵੀ ਇਨਾਮਾਂ ਵਿਚ ਦਿੱਤੇ ਗਏ ਸਨ। ਬੀਤੇ ਸਾਲ ਦਰਸ਼ਕਾਂ ਦੇ ਹੋਏ ਵੱਡੇ ਇਕੱਠ ਦੇ ਮੱਦੇਨਜਰ ਇਸ ਵਾਰ ਖਾਸ ਤੌਰ ਤੇ ਹੋਰ ਜਮੀਨ ਨੂੰ ਗਰਾਉਂਡ ਦਾ ਰੂਪ ਦਿੰਦੇ ਹੋਏ ਉੱਥੇ ਪ੍ਰਬੰਧ ਕੀਤਾ ਜਾ ਰਿਹਾ ਹੈ, ਜੋ ਦਾਣਾ ਮੰਡੀ ਦੇ ਨਜ਼ਦੀਕ ਹੈ। ਉੱਥੇ ਇਸ ਵਾਰ ਮੈਚ ਕਰਵਾਏ ਜਾਣਗੇ ਅਤੇ ਬੁਨਿਆਦੀ ਤੇ ਵੱਡੇ ਪ੍ਰਬੰਧ ਵੀ ਕੀਤੇ ਜਾਣਗੇ। ਉਹਨਾਂ ਭੁਲੱਥ ਕਬੱਡੀ ਕਲੱਬ ਵੱਲੋਂ ਸਮੂਹ ਕਬੱਡੀ ਪ੍ਰੇਮੀਆਂ ਨੂੰ ਸਿਰਮੌਰ ਕੱਪ ਦੀ ਰੌਣਕ ਬਨਣ ਦਾ ਸੱਦਾ ਦਿੱਤਾ।ਜਿਕਰਯੋਗ ਕਿ ਕਬੱਡੀ ਕੱਪ ਦੇ ਮੁੱਖ ਪ੍ਰਬੰਧਕ ਤੇ ਬੱਲ ਇਨਕਾਰਪੋਰੇਸ਼ਨ ਦੇ ਐਮ.ਡੀ. ਮੋਹਨਬੀਰ ਸਿੰਘ ਬੱਲ ਵੱਲੋਂ ਕਬੱਡੀ ਮੇਲਾ ਆਪਣੇ ਪਿਤਾ ਸਵ. ਅਵਤਾਰ ਸਿੰਘ ਬੱਲ ਦੀ ਯਾਦ ਵਿਚ ਕਰਵਾਇਆ ਜਾਦਾ ਹੈ ਜੋ ਇਸ ਕਬੱਡੀ ਕੱਪ ਦੀ ਮੁੱਖ ਪ੍ਰਬੰਧਕ ਵਜੋਂ ਅਗਵਾਈ ਕਰਦੇ ਸਨ। ਕਬੱਡੀ ਜਗਤ ਵਿਚ ਮੋਹਨਬੀਰ ਸਿੰਘ ਬੱਲ ਵੱਲੋਂ ਦਿੱਤੇ ਜਾ ਰਹੇ ਵੱਡੇ ਇਨਾਮ ਤੇ ਕਬੱਡੀ ਨਾਲ ਗੂੜੀ ਮੁਹੱਬਤ ਕਰਕੇ ਉਸਨੂੰ ਕਬੱਡੀ ਕਿੰਗ ਦੇ ਨਾਮ ਤੋਂ ਜਾਣਿਆ ਜਾਦਾ ਹੈ ਅਤੇ ਉਸਦੇ ਸਾਥੀਆ ਨੇ ਦੱਸਿਆ ਕਿ ਮੋਹਨਬੀਰ ਸਿੰਘ ਬੱਲ ਦਾ ਸੁਪਨਾ ਹੈ ਕਿ ਪੰਜਾਬ ਦੀ ਮਾਂ ਖੇਡ ਕਬੱਡੀ ਨੂੰ ਵਿਸ਼ਵ ਭਰ ਵਿਚ ਵੱਡੇ ਮੁਕਾਮ ਤੱਕ ਪਹੁੰਚਾਉਣਾ ਹੈ ਅਤੇ ਇਹ ਸੁਪਨਾ ਪੂਰਾ ਕਰਨ ਲਈ ਉਹ ਪੁਰਜ਼ੋਰ ਯਤਨ ਕਰਨ ਰਿਹਾ ਹੈ।

# ਵਿਧਾਇਕਾ ਸੰਤੋਸ਼ ਕਟਾਰੀਆ ਵੱਲੋਂ ਪਿੰਡ ਘਮੌਰ ਵਿਖੇ 35 ਲੱਖ ਦੀ ਲਾਗਤ ਨਾਲ ਬਣਨ ਵਾਲੇ ਖੇਡ ਸਟੇਡੀਅਮ ਦਾ ਨੀਂਹ ਪੱਥਰ ਰੱਖਿਆ

## ਪੰਜਾਬ ਵਿੱਚ 3000 ਅਤੇ ਹਲਕਾ ਬਲਾਚੌਰ ਵਿੱਚ ਬਣ ਰਹੇ ਹਨ 35 ਅਧੁਨਿਕ ਸਟੇਡੀਅਮ: ਸੰਤੋਸ਼ ਕਟਾਰੀਆ

**ਬਲਾਚੌਰ, 5 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਹਲਕਾ ਬਲਾਚੌਰ ਦੇ ਸਰਵਪੱਖੀ ਵਿਕਾਸ ਦੀ ਲੜੀ ਨੂੰ ਅੱਗੇ ਤੋਰਦਿਆਂ ਅੱਜ ਪਿੰਡ ਘਮੌਰ ਵਿਖੇ ਖ਼ੁਸ਼ੀ ਦੀ ਲਹਿਰ ਦੌੜ ਗਈ। ਹਲਕਾ ਵਿਧਾਇਕਾ ਸੰਤੋਸ਼ ਕਟਾਰੀਆ ਨੇ 35 ਲੱਖ ਰੁਪਏ ਦੀ ਭਾਰੀ ਲਾਗਤ ਨਾਲ ਤਿਆਰ ਹੋਣ ਵਾਲੇ ਅਧੁਨਿਕ ਖੇਡ ਸਟੇਡੀਅਮ ਦਾ ਨੀਂਹ ਪੱਥਰ ਰੱਖਿਆ।ਇਸ ਮੌਕੇ ਵਿਧਾਇਕਾ ਸੰਤੋਸ਼ ਕਟਾਰੀਆ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਸਰਕਾਰ ਦਾ ਮਨੋਰਥ ਪੰਜਾਬ ਨੂੰ ਮੁੜ 'ਰੰਗਲਾ ਪੰਜਾਬ' ਬਣਾਉਣਾ ਹੈ। ਉਨ੍ਹਾਂ ਇੱਕ ਅਹਿਮ ਜਾਣਕਾਰੀ ਸਾਂਝੀ ਕਰਦਿਆਂ ਦੱਸਿਆ ਕਿ ਪੂਰੇ ਪੰਜਾਬ ਵਿੱਚ 3000 ਖੇਡ ਸਟੇਡੀਅਮ ਬਣਾਏ ਜਾ ਰਹੇ ਹਨ, ਜਿਨ੍ਹਾਂ ਵਿੱਚੋਂ ਇਕੱਲੇ ਬਲਾਚੌਰ ਹਲਕੇ ਵਿੱਚ 35 ਸਟੇਡੀਅਮਾਂ ਦਾ ਨਿਰਮਾਣ ਕੀਤਾ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਇਹ ਸਟੇਡੀਅਮ ਨੌਜਵਾਨਾਂ ਨੂੰ ਨਸ਼ਿਆਂ ਵਰਗੀਆਂ



ਅਲਾਮਤਾਂ ਤੋਂ ਦੂਰ ਰੱਖ ਕੇ ਖੇਡਾਂ ਨਾਲ ਜੋੜਨਗੇ।ਸੀਨੀਅਰ ਆਪ ਆਗੂ ਅਸ਼ੋਕ ਕਟਾਰੀਆ ਨੇ ਸੰਬੋਧਨ ਕਰਦਿਆਂ ਕਿਹਾ ਕਿ 'ਆਮ ਆਦਮੀ ਪਾਰਟੀ' ਦੀ ਸਰਕਾਰ ਆਪਣੇ ਕੀਤੇ ਵਾਅਦਿਆਂ ਨੂੰ ਅਮਲੀ ਜਾਮਾ ਪਹਿਨਾ ਰਹੀ ਹੈ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਅਜਿਹੇ ਸਟੇਡੀਅਮ ਬਣਨ ਨਾਲ ਪੇਂਡੂ ਖੇਤਰ ਦੇ ਖਿਡਾਰੀ ਕੌਮਾਂਤਰੀ ਪੱਧਰ 'ਤੇ ਨਾਮ ਰੌਸ਼ਨ ਕਰਨਗੇ। ਵਿਕਾਸ ਕਾਰਜਾਂ ਲਈ ਫੰਡਾਂ ਦੀ ਕੋਈ ਕਮੀ ਨਹੀਂ ਆਉਣ ਦਿੱਤੀ ਜਾਵੇਗੀ।ਸਮਾਗਮ ਦੌਰਾਨ ਪਿੰਡ ਵਾਸੀਆਂ ਨੇ ਵਿਧਾਇਕਾ ਅਤੇ ਉਨ੍ਹਾਂ ਦੀ ਟੀਮ ਦਾ ਵਿਸ਼ੇਸ਼ ਸਨਮਾਨ ਕੀਤਾ। ਇਸ ਮੌਕੇ ਹਰਸ਼ਦੀਪ ਸਿੰਘ ਜੇ.ਈ. ਪਰਮਿੰਦਰ ਸਿੰਘ,ਕੁਲਵਿੰਦਰ ਸਿੰਘਸਰਪੰਚ , ਮਹਿੰਦਰ ਸਿੰਘ,ਗੁਰਚੈਨ ਸਿੰਘ, ਜਸਪਾਲ ਸਿੰਘ,ਸੋਢੀ ਸਿੰਘ, ਮੁਲਖ਼ ਸਿੰਘ, ਓਮ ਪ੍ਰਕਾਸ਼,ਹਰਦੀਪ ਸਿੰਘ,ਜਰਨੈਲ ਸਿੰਘ,ਕੁਲਦੀਪ ਸਿੰਘ,ਭਜਨ ਸਿੰਘ, ਪ੍ਰੀਤਮ ਸਿੰਘ,ਕੁਲਵੀਰ ਸਿੰਘ, ਕਾਬਲ ਸਿੰਘ,ਪ੍ਰੇਮ ਚੰਦ,ਸ਼ਮਸੇਰ ਸਿੰਘ, ਰਵਿੰਦਰ ਸਿੰਘ ਆਦਿ ਸਮੂਹ ਪੰਚ ਅਤੇ ਸਮੂਹ ਨਗਰ ਨਿਵਾਸੀ ਹਾਜਰ ਸਨ।

# ਸਫ਼ਾਈ ਕਰਮਚਾਰੀ ਕਮਿਸ਼ਨ ਦੇ ਵਾਈਸ ਚੇਅਰਮੈਨ ਨੇ ਸੁਣੀਆ ਸਫ਼ਾਈ ਸੇਵਕਾਂ ਦੀਆਂ ਸਮੱਸਿਆਵਾਂ

## ਕਿਹਾ ਸਫਾਈ ਸੇਵਕਾਂ ਨੂੰ ਮਿਲਣ ਸਾਰੇ ਕਨੂੰਨੀ ਅਧਿਕਾਰ

**ਨਵਾਂਸ਼ਹਿਰ, 5 ਅਪ੍ਰੈਲ(ਜਤਿੰਦਰ ਪਾਲ ਸਿੰਘ ਕਲੇਰ )** ਹਰਦੀਪ ਸਿੰਘ ਗਿੱਲ ਵਾਈਸ ਚੇਅਰਮੈਨ ਰਾਸ਼ਟਰੀ ਸਫ਼ਾਈ ਕਮਿਸ਼ਨ ਵੱਲੋਂ ਅੱਜ ਨਗਰ ਕੌਂਸਲ ਰਾਹੋਂ ਵਿਖੇ ਸਫ਼ਾਈ ਕਰਮਚਾਰੀਆਂ ਦੀਆਂ ਮੁਸ਼ਕਿਲਾਂ ਸੁਣੀਆਂ ਗਈਆਂ ਅਤੇ ਵੱਖ-ਵੱਖ ਜ਼ਿਲ੍ਹਾ ਅਧਿਕਾਰੀਆਂ, ਸਮੂਹ ਨਗਰ ਕੌਂਸਲਾਂ ਦੇ ਅਧਿਕਾਰੀਆਂ ਅਤੇ ਸਫਾਈ ਕਰਮੀਆਂ ਨਾਲ ਮੀਟਿੰਗ ਕੀਤੀ। ਸਫ਼ਾਈ ਕਰਮੀਆਂ ਦੀਆਂ ਮੁਸ਼ਕਲਾਂ ਸੁਣਨ ਉਪਰੰਤ ਵਾਈਸ ਚੇਅਰਮੈਨ ਹਰਦੀਪ ਸਿੰਘ ਗਿੱਲ ਨੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਸਮੂਹ ਸਫ਼ਾਈ ਕਰਮੀਆਂ ਅਤੇ ਸੀਵਰੇਜ ਦੀ ਸਫਾਈ ਕਰਨ ਵਾਲੇ ਕਰਮੀਆਂ ਦੀਆਂ ਮੁਸ਼ਕਿਲਾਂ ਨੂੰ ਪਹਿਲ ਦੇ ਅਧਾਰ 'ਤੇ ਹੱਲ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਸਫ਼ਾਈ ਕਰਮੀਆਂ ਦਾ ਹਰ ਮਹੀਨੇ ਪੀਐੱਫ ਕੱਟਿਆ ਜਾਵੇ ਅਤੇ ਇਸਦੀ ਡਿਟੇਲ ਸਫਾਈ ਕਰਮੀਆਂ ਨਾਲ ਸਾਂਝੀ ਕੀਤੀ ਜਾਵੇ। ਇਸ ਤੋਂ ਇਲਾਵਾ ਸਫਾਈ ਕਰਮੀਆਂ ਨੂੰ ਵਰਦੀਆਂ, ਸਫਾਈ ਲਈ ਸਾਜੋ ਸਮਾਨ, ਮਾਸਕ ਆਦਿ ਲੋੜੀਂਦਾ ਸਮਾਨ ਮੁਹੱਈਆ ਕਰਵਾਇਆ ਜਾਵੇ। ਇਸਦੇ ਨਾਲ ਹੀ ਸਮੂਹ ਸਫ਼ਾਈ ਕਰਮੀਆਂ ਦਾ ਮੈਡੀਕਲ, ਐਕਸੀਡੈਂਟ ਬੀਮਾ ਕਰਾਉਣ ਦੇ ਨਾਲ ਸਮੇਂ-ਸਮੇਂ ਉਨ੍ਹਾਂ ਦਾ ਮੈਡੀਕਲ ਚੈੱਕਅਪ ਕਰਵਾਇਆ ਜਾਵੇ। ਉਨ੍ਹਾਂ ਕਿਹਾ ਕਿ ਸਫ਼ਾਈ



ਕਰਮੀਆਂ ਉੱਪਰ ਕਿਰਤ ਕਾਨੂੰਨਾਂ ਨੂੰ ਪੂਰੀ ਤਰ੍ਹਾਂ ਲਾਗੂ ਕੀਤਾ ਜਾਵੇ। ਇਸ ਮੌਕੇ ਉਨ੍ਹਾਂ ਕਿਹਾ ਕਿ ਜੋ ਵੀ ਸਫ਼ਾਈ ਸੇਵਕ ਸੀਵਰੇਜ ਵਿਭਾਗ ਜਾਂ ਨਗਰ ਕੌਂਸਲ ਵਿਭਾਗ ਵਿੱਚ ਕੰਮ ਕਰਦੇ ਹਨ, ਉਨ੍ਹਾਂ ਦੇ ਆਈ.ਕਾਰਡ. ਬਣਾਏ ਜਾਣ ਅਤੇ ਆਈ.ਕਾਰਡ ਦੇ ਉੱਪਰ ਉਨ੍ਹਾਂ ਦੀ ਨਿੱਜੀ ਜਾਣਕਾਰੀ ਦੇ ਨਾਲ ਬਲੱਡ ਗਰੁੱਪ ਜ਼ਰੂਰ ਲਿਖਿਆ ਜਾਵੇ। ਇਸਤੋਂ ਇਲਾਵਾ ਉਨ੍ਹਾਂ ਨੂੰ ਸੇਫਟੀ ਕਿੱਟਾਂ ਜ਼ਰੂਰ ਮੁਹੱਈਆ ਕਰਵਾਈਆ ਜਾਣ। ਉਹਨਾਂ ਨੇ ਕਿਹਾ ਕਿ ਸਰਕਾਰ ਵੱਲੋਂ ਮੈਨੂਅਲ(ਹੱਥ ਨਾਲ) ਸੀਵਰੇਜ ਸਫਾਈ ਕਰਨ ਤੇ ਪਾਬੰਦੀ ਲਗਾਈ ਗਈ ਹੈ, ਉਨ੍ਹਾਂ ਸੀਵਰੇਜ ਦੀ ਸਫਾਈ ਮਸ਼ੀਨ ਰਾਹੀਂ ਯਕੀਨੀ ਬਣਾਉਣ ਤੇ ਸਰਕਾਰ ਦੀਆਂ ਹਦਾਇਤਾਂ ਦੀ ਪਾਲਣਾ ਕਰਨ ਤੇ ਜ਼ੋਰ ਦਿੱਤਾ। ਉਨ੍ਹਾਂ ਦੱਸਿਆ ਕਿ ਕੰਮ ਦੌਰਾਨ ਕਿਸੇ ਸਫ਼ਾਈ ਕਰਮਚਾਰੀ ਨਾਲ ਹਾਦਸਾ ਹੋਣ 'ਤੇ ਪਹਿਲਾਂ 10 ਲੱਖ ਰੁਪਏ ਮੁਆਵਜ਼ਾ ਦਿੱਤਾ ਜਾਂਦਾ ਸੀ, ਜਿਸ ਨੂੰ ਵਧਾ ਕੇ 30 ਲੱਖ ਰੁਪਏ ਕਰ ਦਿੱਤਾ ਗਿਆ ਹੈ ਜੇਕਰ ਮੁਆਵਜ਼ਾ ਮਿਲਣ ਵਿੱਚ ਦੇਰੀ ਹੁੰਦੀ ਹੈ ਤਾਂ ਆਯੋਗ ਤੁਰੰਤ ਕਾਰਵਾਈ ਕਰਦਾ ਹੈ ਅਤੇ ਸਬੰਧਤ ਅਧਿਕਾਰੀਆਂ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ।

# ਮਾਤਾ ਬਲਵਿੰਦਰ ਕੌਰ ਜਟਾਣਾ ਨਮਿੱਤ ਸ਼ਰਧਾਂਜਲੀ ਸਮਾਗਮ

## ਵੱਖ- ਵੱਖ ਸੰਸਥਾਵਾਂ ਦੇ ਆਗੂਆਂ ਨੇ ਕੀਤੇ ਸ਼ਰਧਾ ਦੇ ਫੁੱਲ ਅਰਪਿਤ

**ਭਲੂਰ/ਬੇਅੰਤ ਗਿੱਲ**

ਪਿੰਡ ਭਲੂਰ ਦੇ ਕਿਸਾਨੀ ਪਰਿਵਾਰ ਨਾਲ ਸਬੰਧਤ ਪ੍ਰਧਾਨ ਜਰਨੈਲ ਸਿੰਘ ਜਟਾਣਾ ਜੋ ਕਿ ਅੱਜਕਲ੍ਹ ਫਰੀਦਕੋਟ ਵਿਖੇ ਰਹਿ ਰਹੇ ਹਨ, ਦੇ ਪਰਿਵਾਰ ਨੂੰ ਉਸ ਸਮੇਂ ਭਾਰੀ ਸਦਮਾ ਲੱਗਾ ਜਦ ਉਨ੍ਹਾਂ ਦੇ ਨੂੰਹ ਰਾਣੀ ਅਤੇ ਕੌਮੀ ਕਿਸਾਨ ਯੂਨੀਅਨ ਦੇ ਸਰਗਰਮ ਮੈਂਬਰ ਨੌਜਵਾਨ ਰਣਜੋਧ ਸਿੰਘ ਜਟਾਣਾ ਅਤੇ ਹਰਦੀਪ ਸਿੰਘ ਜਟਾਣਾ ਦੇ ਸਤਿਕਾਰਤ ਮਾਤਾ ਸਰਦਾਰਨੀ ਬਲਵਿੰਦਰ ਕੌਰ ਜਟਾਣਾ ਪਤਨੀ ਸਰਦਾਰ ਜਗਰਾਜ ਸਿੰਘ ਜਟਾਣਾ ਬੀਤੇ ਦਿਨੀਂ 26 ਮਾਰਚ 2026 ਨੂੰ ਅਚਾਨਕ ਸਦੀਵੀ ਵਿਛੋੜਾ ਦੇ ਗਏ। ਇਸ ਸਮੇਂ ਉਹ 60 ਵਰ੍ਹਿਆਂ ਦੇ ਸਨ। ਅੱਜ ਫਰੀਦਕੋਟ ਦੇ ਗੁਰਦੁਆਰਾ ਸਾਹਿਬ ਨਰਾਇਣ ਨਗਰ ਵਿਖੇ ਸਰਦਾਰਨੀ ਬਲਵਿੰਦਰ ਕੌਰ ਜਟਾਣਾ ਨਮਿੱਤ ਪਾਠ ਦਾ ਭੋਗ ਅਤੇ ਅੰਤਿਮ ਅਰਦਾਸ ਹੋਈ। ਇਸ ਮੌਕੇ ਕੀਰਤਨੀ ਜੱਥੇ ਵੱਲੋਂ ਵੈਰਾਗਮਈ ਕੀਰਤਨ ਕੀਤਾ ਗਿਆ। ਇਸ ਉਪਰੰਤ ਸ਼ਰਧਾਂਜਲੀ ਸਮਾਗਮ ਦੀ ਸਟੇਜ ਸੰਭਾਲਦਿਆਂ ਸਰਪੰਚ ਅਰਸ਼ਵਿੰਦਰ ਸਿੰਘ ਵਿਰਕ ਨੇ ਉਕਤ ਜਟਾਣਾ ਪਰਿਵਾਰ ਸਬੰਧੀ ਜਾਣਕਾਰੀ ਦਿੰਦਿਆਂ ਮਾਤਾ ਬਲਵਿੰਦਰ ਕੌਰ ਦੇ ਸਾਦੇ ਜੀਵਨ ਉੱਪਰ ਚਾਨਣਾ ਪਾਉਂਦਿਆਂ ਕਿਹਾ ਕਿ ਉਹਨਾਂ ਨੇ ਆਪਣੇ ਪਰਿਵਾਰ ਦੇ ਮੋਢੇ ਨਾਲ ਮੋਢਾ ਲਾ ਕੇ ਇਮਾਨਦਾਰੀ ਨਾਲ ਮਿਹਨਤ ਕੀਤੀ ਤਾਂ ਜੋ ਚੰਗਾ ਜੀਵਨ ਬਸਰ ਕੀਤਾ ਜਾ ਸਕੇ। ਇਸ ਦੇ ਬਾਅਦ ਵਿੱਚ ਅਲੱਗ- ਅਲੱਗ ਰਾਜਨੀਤਕ, ਧਾਰਮਿਕ, ਵਿੱਦਿਅਕ ਸੰਸਥਾਵਾਂ, ਕਿਸਾਨ ਯੂਨੀਅਨਾਂ ਅਤੇ ਹੋਰ ਵੱਖ-ਵੱਖ ਸੰਸਥਾਵਾਂ ਦੇ ਆਗੂਆਂ ਵੱਲੋਂ ਸਰਦਾਰਨੀ ਬਲਵਿੰਦਰ ਕੌਰ ਜਟਾਣਾ ਨੂੰ ਸ਼ਰਧਾਂਜਲੀ ਦਿੰਦਿਆਂ ਪਰਿਵਾਰ ਨਾਲ ਹਮਦਰਦੀ ਦਾ ਇਜ਼ਹਾਰ ਕੀਤਾ ਗਿਆ। ਇਸ ਮੌਕੇ ਕੌਮੀ ਕਿਸਾਨ ਯੂਨੀਅਨ ਦੇ ਆਗੂ ਸੁਖਪਾਲ ਸਿੰਘ ਨੇ ਬੋਲਦਿਆਂ ਕਿਹਾ ਕਿ ਮਾਤਾ ਬਲਵਿੰਦਰ ਕੌਰ ਜਟਾਣਾ ਨੇ ਦਿੱਲੀ ਦੀਆਂ ਸੜਕਾਂ ਉੱਤੇ ਚੱਲੇ ਕਿਸਾਨੀ ਸੰਘਰਸ਼ ਦੌਰਾਨ ਸ਼ਾਨਦਾਰ ਸੇਵਾਵਾਂ ਨਿਭਾਉਂਦਿਆਂ ਕਿਸਾਨੀ ਘੋਲ ਵਿੱਚ ਵੱਡਾ ਰੋਲ ਅਦਾ ਕੀਤਾ। ਇਸ ਦੇ ਨਾਲ ਹੀ ਐਸ. ਜੀ. ਪੀ. ਸੀ. ਮੈਂਬਰ ਬੀਬੀ ਗੁਰਿੰਦਰ ਕੌਰ ਭੋਲੂਵਾਲਾ ਨੇ ਆਪਣੇ ਸ਼ਬਦਾਂ ਵਿਚ ਬੋਲਦਿਆਂ ਕਿਹਾ ਕਿ ਬੀਬੀ ਬਲਵਿੰਦਰ ਕੌਰ ਜਟਾਣਾ ਦੇ ਅੰਦਰ ਸਿੱਖੀ ਦਾ ਜਜ਼ਬਾ ਦਰਿਆ ਵਾਂਗ ਵਹਿੰਦਾ ਸੀ। ਉਹਨਾਂ ਦੀ ਧਾਰਮਿਕ ਮੁਹੱਬਤ ਬੜੀ ਸ਼ਿੱਦਤ ਵਾਲੀ ਸੀ। ਇਹੀ ਵਜ੍ਹਾ ਸੀ ਕਿ ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਚੰਗੇ ਇਨਸਾਨ ਬਣਨ ਦੀ ਸਿੱਖਿਆ ਦਿੱਤੀ ਅਤੇ ਸਾਂਝੇ ਲੋਕ ਭਲਾਈ ਦੇ ਕੰਮਾਂ ਲਈ ਪ੍ਰੇਰਿਤ ਕੀਤਾ। ਇਸ ਮੌਕੇ











ਵਾਰਿਸ ਪੰਜਾਬ ਦੇ ਜੱਥੇਬੰਦੀ ਵੱਲੋਂ ਸਰਦਾਰ ਦਲੇਰ ਸਿੰਘ ਡੋਡ, ਪਰਮਬੰਸ ਸਿੰਘ ਬੰਟੀ ਰੋਮਾਣਾ, ਸਰਬਜੀਤ ਸਿੰਘ ਬਲਾਕ ਸੰਮਤੀ ਮੈਂਬਰ, ਸਤੀਸ਼ ਗਰੋਵਰ ਜ਼ਿਲ੍ਹਾ ਸ਼ਹਿਰੀ ਪ੍ਰਧਾਨ ਸ਼੍ਰੋਮਣੀ ਅਕਾਲੀ ਦਲ ਫਰੀਦਕੋਟ, ਐੱਮ ਐੱਲ ਏ ਗੁਰਦਿੱਤ ਸਿੰਘ ਸੇਖੋਂ ਵੱਲੋਂ ਸ਼ੋਕ ਸੰਦੇਸ਼, ਲਖਵਿੰਦਰ ਸਿੰਘ ਗਿੱਲ ਚੇਅਰਮੈਨ ਪਹਿਲੂਵਾਲਾ, ਗੁਰਮੀਤ ਸਿੰਘ ਜ਼ਿਲ੍ਹਾ ਪ੍ਰਧਾਨ ਕੌਮੀ ਕਿਸਾਨ ਯੂਨੀਅਨ, ਨਵਦੀਪ ਸਿੰਘ ਬੱਬੂ ਬਰਾੜ ਜ਼ਿਲ੍ਹਾ ਪ੍ਰਧਾਨ ਕਾਂਗਰਸ, ਕਿਸਾਨ ਯੂਨੀਅਨ ਲੱਖੋਵਾਲ ਇਕਾਈ ਭਲੂਰ ਦੇ ਨੁਮਾਇੰਦੇ, ਗ੍ਰਾਮ ਪੰਚਾਇਤ ਭਲੂਰ, ਨੌਜਵਾਨ ਸਾਹਿਤ ਸਭਾ ਭਲੂਰ ਦੇ ਨੁਮਾਇੰਦੇ, ਹੋਰ ਵੱਖ-ਵੱਖ ਕਿਸਾਨ ਯੂਨੀਅਨਾਂ ਦੇ ਮੈਂਬਰ, ਪਿੰਡਾਂ ਦੇ ਸਰਪੰਚ, ਪੰਚ ਅਤੇ ਹੋਰ ਵੱਡੀ ਗਿਣਤੀ ਵਿਚ ਪਹੁੰਚੇ ਮੋਹਤਬਰ ਲੋਕਾਂ ਵੱਲੋਂ ਸਰਦਾਰਨੀ ਬਲਵਿੰਦਰ ਕੌਰ ਜਟਾਣਾ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ ਗਏ। ਇਸ ਮੌਕੇ ਸਰਦਾਰਨੀ ਬਲਵਿੰਦਰ ਕੌਰ ਜਟਾਣਾ ਦੇ ਭਰਾ ਜਗਰੂਪ ਸਿੰਘ ਪਿੰਡ ਤਾਰਾ ਸਿੰਘ ਵਾਲਾ, ਜਗਰਾਜ ਸਿੰਘ ਜਟਾਣਾ, ਸੇਵਕ ਸਿੰਘ ਜਟਾਣਾ, ਬੇਟੇ ਰਣਜੋਧ ਸਿੰਘ ਜਟਾਣਾ, ਕੁਲਵਿੰਦਰ ਕੌਰ ਜਟਾਣਾ, ਹਰਦੀਪ ਸਿੰਘ ਜਟਾਣਾ , ਬਲਜੀਤ ਕੌਰ ਜਟਾਣਾ ਅਤੇ ਸਮੂਹ ਜਟਾਣਾ ਪਰਿਵਾਰ ਨਾਲ ਉਨ੍ਹਾਂ ਦੇ ਰਿਸ਼ਤੇਦਾਰਾਂ ਅਤੇ ਸਕੇ ਸਬੰਧੀਆਂ ਵੱਲੋਂ ਵੀ ਦੁੱਖ ਦਾ ਇਜ਼ਹਾਰ ਕੀਤਾ ਗਿਆ।

# (ਘੜੇ ਦਾ ਪਾਣੀ)



ਘੁੱਟ ਪਾਣੀ ਦੀ ਪਿਲਾ ਦੇ ਨੀਂ, ਘੜਾ ਭਰੇਂਦੀਏ ਨਾਰੇ। ਅਸੀਂ ਤਾਂ ਉਂਈਂ ਮਰਜਾਂਗੇ ਕਾਹਨੂੰ ਛੱਮਕਾਂ ਚੰਦਰਿਆ ਮਾਰੇਂ।ਜੈ ਕੁਰੇ ! ਤੇਰਾ ਮੁੱਕਿਆ ਘੜੇ ਦਾ ਪਾਣੀ, ਲਿਆ ਕੇ ਦੇਵਾਂ ਖੂਹ ਦੇ ਉੱਤੋਂ। ਪਾਣੀ ਦੀ ਮਹੱਤਤਾ ਨੂੰ ਦਰਸਾਉਂਦੇ ਉਪਰਲੇ ਬੋਲ ਪੁਰਾਤਨ ਸਮੇਂ ਦੇ ਗੀਤ ਸਨ। ਕਿਸੇ ਨੇ ਘੜੇ ਨੂੰ ਪੁੱਛਿਆ ਤੂੰ ਇਨਾਂ ਠੰਡਾ ਭਾਵ"ਕੂਲ"ਕਿਵੇਂ ਰਹਿੰਦਾ ਹੈਂ ? ਘੜੇ ਨੇ ਉੱਤਰ ਦਿੱਤਾ ਕਿ ਮੈਂ ਗਰਮ ਹੋ ਕੇ ਕੀ ਲੈਣਾ ਹੈ ? ਮੈਂ ਮਿੱਟੀ ਦਾ ਬਣਿਆ ਹੋਇਆ ਹਾਂ, ਅੰਤ ਮਿੱਟੀ ਵਿੱਚ ਹੀ ਮਿਲ ਜਾਣਾ ਹੈ। ਇਹ ਸਿੱਖਿਆ ਹੰਕਾਰੀ ਲੋਕਾਂ ਉੱਤੇ ਚੋਟ ਹੈ। ਗਰਮੀ ਦੇ ਮੌਸਮ ਵਿੱਚ, ਘੜੇ ਦਾ ਪਾਣੀ ਪੀਣਾ ਬਹੁਤ ਲਾਭਦਾਇਕ ਹੁੰਦਾ ਹੈ। ਗਲ ਖਰਾਬ ਨਹੀਂ ਕਰਦਾ। ਜੇ ਤੁਸੀਂ ਕੂਲਰਾਂ ਜਾਂ ਫਰਿਜਾਂ ਦਾ ਬਰਫੀਲਾ ਪਾਣੀ ਪੀਵੋਗੇ, ਨੁਕਸਾਨ ਕਰੇਗਾ। ਗਰਮ ਸਰਦ ਹੋ ਕੇ ਬੁਖਾਰ ਵੀ ਹੋ ਸਕਦਾ ਹੈ, ਗਲ ਖਰਾਬ ਹੋ ਕੇ ਗਲੇ ਦੀ ਸਮੱਸਿਆ ਵੀ ਹੋ ਸਕਦੀ ਹੈ। ਘੜੇ ਦਾ ਪਾਣੀ ਲੋੜੀਂਦੀ ਮਿਕਦਾਰ ਵਿੱਚ ਠੰਡਾ ਹੁੰਦਾ ਹੈ, ਕੋਈ ਨੁਕਸਾਨ ਨਹੀਂ ਕਰਦਾ। ਸਰਦੀ ਗਈ ਗਰਮੀ ਪਿੜ ਮਲਿਆ, ਪਿਆਸ ਪਾਣੀ ਦੀ ਲੱਗੂ ਜ਼ਰੂਰੀ। ਮੁੱਲ ਬੋਤਲ ਪਾਣੀ ਦੀ ਪੀਵੀਏ, ਕੀ ਏ ਸਾਡੀ ਮਜਬੂਰੀ ? ਕੁੰਭਿਆਰਾਂ ਨੇ ਘੜੇ ਬਣਾਏ, ਮਹਿਕ ਮਿੱਟੀ ਦੀ ਆਵੇ। ਗਟ ਗਟ ਕਰਕੇ ਪੀ ਲੈ ਸੱਜਣਾਂ ! ਘੁੱਟ ਅੰਮ੍ਰਿਤ ਬਣ ਜਾਵੇ। ਪੋਜੀਟਿਵ ਐਕਸ਼ਨ, ਨਹੀਂ ਰਿਐਕਸ਼ਨ, ਪੀਵੋ ਸਿਹਤ ਬਚਾਵੋ। ਵਰਤੋਂ ਕਰੋ ਘੜੇ ਦੀ ਹੋਰਾਂ ਨੂੰ ਵੀ ਸਮਝਾਵੋ।

ਹੁਣ ਨਾ ਘੜੇ ਲੱਭਦੇ, ਨਾ ਲੱਭਦੇ ਲਾਲ ਗੁਆਚੇ !



**ਅਮਰਜੀਤ ਸਿੰਘ ਤੂਰ ਪਿੰਡ ਕੁਲਬੁਰਛਾਂਜ਼ਿਲਾ ਪਟਿਆਲਾ। ਹਾਲ-ਆਬਾਦ #639/40ਏ, ਚੰਡੀਗੜ੍ਹ ਫੋਨ ਨੰਬਰ : 9878469639**

# ਮਹਿਲਾ ਕਮਿਸ਼ਨ ਚੇਅਰਪਰਸਨ ਮਹਾਰਾਸ਼ਟਰਾ ਜਵਾਬ ਦੇਵੇ , ਕੀ ਇਹੀ ਹੈ ਜਵਾਬ ਦੇਹੀ

ਦੇਸ ਜਾਂ ਸੂਬਿਆਂ ਵਿੱਚ ਮਹਿਲਾ ਕਮਿਸਨ ਵਰਗੀਆਂ ਸੰਸਥਾਵਾਂ ਸਮਾਜ ਵਿੱਚ ਮਹਿਲਾਵਾਂ ਦੇ ਅਧਿਕਾਰਾਂ ਦੀ ਰੱਖਿਆ, ਨਿਆਂ ਦੀ ਪਹੁੰਚ ਅਤੇ ਇਨਸਾਫ਼ ਦੇ ਮਿਆਰ ਨੂੰ ਉੱਚਾ ਚੁੱਕਣ ਲਈ ਬਣਾਈਆਂ ਜਾਂਦੀਆਂ ਹਨ। ਜਦੋਂ ਇਸ ਤਰ੍ਹਾਂ ਦੇ ਉੱਚ ਅਹੁਦਿਆਂ ‘ਤੇ ਬੈਠੀਆਂ ਮਹਿਲਾਵਾਂ ਨਾਲ ਕੋਈ ਵਿਵਾਦ ਜਾਂ ਅਣਸ਼ਿਸ਼ਟ ਵਿਵਹਾਰ ਜੁੜਦਾ ਹੈ ਤਾਂ ਇਸਦਾ ਪ੍ਰਭਾਵ ਸਿਰਫ਼ ਨਿੱਜੀ ਪੱਧਰ ਤੱਕ ਸੀਮਿਤ ਨਹੀਂ ਰਹਿੰਦਾ, ਸਗੋਂ ਪੂਰੇ ਸੰਸਥਾਗਤ ਢਾਂਚੇ ‘ਤੇ ਪੈਂਦਾ ਹੈ । ਜੇਕਰ ਚੇਅਰਪਰਸਨ ਵਰਗੇ ਅਹੁਦੇ ਨਾਲ ਜੁੜੇ ਕਿਸੇ ਵੀ ਵਿਅਕਤੀ ਦੇ ਨਾਮ ਨਾਲ ਅਜਿਹੀਆਂ ਖ਼ਬਰਾਂ ਜਾਂ ਦੋਸ਼ ਸਾਹਮਣੇ ਆਉਂਦੇ ਹਨ—ਭਾਵੇਂ ਉਹ ਸਾਬਤ ਹੋਣ ਜਾਂ ਨਾ ਹੋਣ—ਇਹ ਮਹਿਲਾ ਸੁਰੱਖਿਆ ਲਈ ਕੰਮ ਕਰ ਰਹੀਆਂ ਸੰਸਥਾਵਾਂ ਦੀ ਸਾਖ ਨੂੰ ਨੁਕਸਾਨ ਪਹੁੰਚਾਉਂਦਾ ਹੈ । ਆਮ ਜਨਤਾ ਵਿੱਚ ਇਹ ਸੰਦੇਸ਼ ਜਾਂਦਾ ਹੈ ਕਿ ਜਿਨ੍ਹਾਂ ‘ਤੇ ਮਹਿਲਾਵਾਂ ਦੇ ਹੱਕਾਂ ਦੀ ਰੱਖਿਆ ਦੀ ਜ਼ਿੰਮੇਵਾਰੀ ਹੈ, ਉਹ ਖੁਦ ਹੀ ਨੈਤਿਕ ਮਿਆਰਾਂ ‘ਤੇ ਖਰੇ ਨਹੀਂ ਉਤਰ ਰਹੇ । ਇਸ ਤਰ੍ਹਾਂ ਦੇ ਵਿਵਾਦਾਂ ਨਾਲ ਸਭ ਤੋਂ ਵੱਡਾ ਨੁਕਸਾਨ ਉਹਨਾਂ ਪੀੜਤ ਮਹਿਲਾਵਾਂ ਨੂੰ ਹੁੰਦਾ ਹੈ ਜੋ ਇਨਸਾਫ਼ ਦੀ ਉਮੀਦ ਨਾਲ ਕਮਿਸ਼ਨ ਦੇ ਦਰ ‘ਤੇ ਜਾਂਦੀਆਂ ਹਨ। ਉਹਨਾਂ ਦਾ ਵਿਸ਼ਵਾਸ ਡੋਲ ਜਾਂਦਾ ਹੈ ਅਤੇ ਉਹ ਸੋਚਣ ‘ਤੇ ਮਜਬੂਰ ਹੋ ਜਾਂਦੀਆਂ ਹਨ ਕਿ ਕੀ ਉਹਨਾਂ ਦੀ ਸੁਣਵਾਈ ਨਿਰਪੱਖ ਤਰੀਕੇ ਨਾਲ ਹੋਵੇਗੀ ਜਾਂ ਨਹੀਂ।

ਸਮਾਜਕ ਪੱਖੋਂ ਵੀ ਅਜਿਹੀਆਂ ਘਟਨਾਵਾਂ ਗਲਤ ਸੰਦੇਸ਼ ਦਿੰਦੀਆਂ ਹਨ । ਨੌਜਵਾਨ ਪੀੜ੍ਹੀ ਵਿੱਚ ਨੈਤਿਕਤਾ ਅਤੇ ਜ਼ਿੰਮੇਵਾਰੀ ਦੇ ਮਾਪਦੰਡਾਂ ਨੂੰ ਲੈ ਕੇ ਗਲਤ ਧਾਰਨਾਵਾਂ ਪੈਦਾ ਹੋ ਸਕਦੀਆਂ ਹਨ। ਖ਼ਾਸ ਕਰਕੇ ਜਦੋਂ ਗੱਲ ਮਹਿਲਾ ਅਧਿਕਾਰਾਂ ਨਾਲ ਜੁੜੀ ਹੋਵੇ , ਤਾਂ ਸੰਵੇਦਨਸ਼ੀਲਤਾ ਅਤੇ ਪਾਰਦਰਸ਼ਤਾ ਸਭ ਤੋਂ ਵੱਧ ਲੋੜੀਂਦੀ ਹੁੰਦੀ ਹੈ । ਇਸ ਲਈ ਜ਼ਰੂਰੀ ਹੈ ਕਿ ਅਜਿਹੇ ਕਿਸੇ ਵੀ ਮਾਮਲੇ ਵਿੱਚ ਤੱਥਾਂ ਦੀ ਪੂਰੀ ਜਾਂਚ ਹੋਵੇ ਅਤੇ ਜ਼ਿੰਮੇਵਾਰ ਅਹੁਦਿਆਂ ‘ਤੇ ਬੈਠੇ ਲੋਕਾਂ ਲਈ ਉੱਚ ਨੈਤਿਕ ਮਿਆਰ ਨਿਰਧਾਰਤ ਕੀਤੇ ਜਾਣ। ਸੰਸਥਾਵਾਂ ਦੀ ਵਿਸ਼ਵਸਨੀਯਤਾ ਬਣਾਈ ਰੱਖਣ ਲਈ ਇਹ ਲਾਜ਼ਮੀ ਹੈ ਕਿ ਨਾ ਸਿਰਫ਼ ਨਿਆਂ ਕੀਤਾ ਜਾਵੇ, ਸਗੋਂ ਨਿਆਂ ਹੁੰਦਾ ਹੋਇਆ ਦਿਖਾਈ ਵੀ ਦੇਵੇ।ਅਖੀਰ ਵਿੱਚ, ਇਹ ਗੱਲ ਯਾਦ ਰੱਖਣਯੋਗ ਹੈ ਕਿ ਇੱਕ ਵਿਅਕਤੀ ਦੀ ਗਲਤੀ ਜਾਂ ਵਿਵਾਦ ਪੂਰੇ ਸਿਸਟਮ ਨੂੰ ਕਮਜ਼ੋਰ ਕਰ ਸਕਦਾ ਹੈ। ਇਸ ਲਈ ਪਾਰਦਰਸ਼ਤਾ, ਜ਼ਿੰਮੇਵਾਰੀ ਅਤੇ ਨੈਤਿਕਤਾ—ਇਹ ਤਿੰਨੋਂ ਤੱਤ ਹੀ ਕਿਸੇ ਵੀ ਜਨਤਕ ਸੰਸਥਾ ਦੀ ਮਜ਼ਬੂਤੀ ਦਾ ਅਧਾਰ ਹਨ । ਮਹਿਲਾ ਕਮਿਸ਼ਨ ਚੇਅਰਪਰਸਨ ਮਹਾਰਾਸ਼ਟਰਾ ਨੂੰ ਜਵਾਬ ਦੇਣਾਂ ਪਏਗਾ ਕੀ ਸਮਾਜ ਪ੍ਰਤੀ ਇਹੀ ਹੈ ਜਵਾਬ ਦੇਹੀ ।



**ਪੱਤਰਕਾਰ ਬਲਦੇਵ ਸਿੰਘ ਜਨੂਹਾ, 9814824215 .**

# ਸ਼ਾਬਾਸ਼! 9 ਸਾਲ ਦੀ ਸਖਤ ਮਿਹਨਤ ਮਗਰੋਂ ਅਨਾਨਾਸ ਦੀ ਪੈਦਾਵਾਰ ਕਰਨ ਚ ਕੀਤੀ ਕਾਮਯਾਬੀ



**ਐਲੈਕਸ ਓਬਰਗ ਅਤੇ ਉਸ ਵੱਲੋਂ ਘਰ ਵਿੱਚ ਉਗਾਇਆ ਗਿਆ ਅਨਾਨਾਸ।**

**ਵੈਨਕੂਵਰ, 5 ਅਪ੍ਰੈਲ (ਮਲਕੀਤ ਸਿੰਘ)** – ਕੈਨੇਡਾ ਦੇ ਯੂਕਨ ਖੇਤਰ ਦੇ ਇੱਕ ਵਿਅਕਤੀ ਵੱਲੋਂ ਘਰ ਵਿੱਚ ਅਨਾਨਾਸ ਉਗਾਉਣ ਦਾ ਸਫਲ ਤਜਰਬਾ ਕਰਨ ਦਾ ਵਿਲੱਖਣ ਮਾਮਲਾ ਸਾਹਮਣੇ ਆਇਆ ਹੈ, ਜਿਸ ਲਈ ਉਸਨੂੰ ਸਖਤ ਮਿਹਨਤ ਦੇ ਨਾਲ ਨਾਲ ਲਗਭਗ 9 ਸਾਲਾਂ ਦਾ ਸਮਾਂ ਲੱਗਿਆ। ਪ੍ਰਾਪਤ ਜਾਣਕਾਰੀ ਮੁਤਾਬਕ ਯੂਕਨ ਖੇਤਰ ਦੇ ਵਾਈਟਹੋਰਸ ਦੇ ਨਿਵਾਸੀ ਐਲੈਕਸ ਓਬਰਗ ਨੇ ਧੀਰਜ ਅਤੇ ਲਗਾਤਾਰ ਦੇਖਭਾਲ ਨਾਲ ਆਪਣੇ ਘਰ ਵਿੱਚ ਅਨਾਨਾਸ ਤਿਆਰ ਕਰਨ ਤੋਂ ਸਫਲਤਾ ਹਾਸਲ ਕੀਤੀ ਹੈ । ਉਹਨਾਂ ਦਾ ਕਹਿਣਾ ਹੈ ਕਿ ਜੇ ਮਨੁੱਖ ਧੀਰਜ ਰੱਖੇ ਤਾਂ ਲਗਾਤਾਰ ਕੋਸ਼ਿਸ਼ ਕਰਨ ਤੇ ਉਸ ਨੂੰ ਸਫਲਤਾ ਮਿਲਣੀ ਨਿਰਧਾਰਤ ਹੈ ਦੱਸਿਆ ਜਾ ਰਿਹਾ ਹੈ ਕਿ ਉੱਤਰੀ ਖੇਤਰਾਂ ਵਿੱਚ ਅਨਾਨਾਸ ਉਗਾਉਣਾ ਆਮ ਗੱਲ ਨਹੀਂ ਹੈ, ਪਰ ਓਬਰਗ ਨੇ ਆਪਣੀ ਲਗਨ ਅਤੇ ਮਿਹਨਤ ਨਾਲ ਇਹ ਸੰਭਵ ਕਰ ਦਿਖਾਇਆ।

# ਸਹਿਯੋਗ ਲਈ ਅਪੀਲ - ਆਪਣੇ ਪੁਰਖਿਆਂ ਦੇ ਸਥਾਨ ਵਾਸਤੇ ਜ਼ਰੂਰ ਸੇਵਾ ਪਾਓ

**ਸਮਾਜ ਵੀਕਲੀ ਯੂ ਕੇ**

ਸ. ਅਮਨਦੀਪ ਸਿੰਘ ਸਿੱਧੂ ਆਪ ਜੀ ਨੂੰ ਬੜੀ ਨਿਮਰਤਾ ਸਾਹਿਤ ਬੇਨਤੀ ਕੀਤੀ ਜਾਂਦੀ ਹੈ ਕਿ ਪਿੰਡ ਬਾੜੀਆਂ ਕਲਾਂ ਵਿਖੇ ਬਾਬਾ ਸਾਹਿਬ ਡਾਕਟਰ ਭੀਮ ਰਾਓ ਅੰਬੇਡਕਰ ਮਮੋਰੀਅਲ ਪਾਰਕ ਦਾ ਕੰਮ ਚਾਲੂ ਹੈ ਜਿਸ ਵਿੱਚ ਭਰਤ ਪੁਆਈ ਜਾ ਰਹੀ ਹੈ ਜੋ ਕਿ ਪਿਛਲੇ 10 - 12 ਸਾਲ ਤੋਂ ਕੰਮ ਪਿੱਛੇ ਪਿਆ ਹੋਇਆ ਸੀ, ਬੜੇ ਲੰਬੇ ਸੰਘਰਸ਼ ਸਦਕਾ ਇਹ ਪਾਰਕ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਮੈਮੋਰੀਅਲ ਪਾਰਕ ਕੁੱਲ ਚਾਰ ਕਨਾਲ ਜਗ੍ਹਾ ਹੈ। ਬੜੇ ਲੰਬੇ ਸੰਘਰਸ਼ ਸਦਕਾ ਜਗ੍ਹਾ ਪ੍ਰਾਪਤ ਹੋਈ ਹੈ ਪ੍ਰੰਤੂ ਜਦੋਂ ਵੀ ਕੋਈ ਕੰਮ ਸ਼ੁਰੂ ਕਰਦੇ ਸੀ ਤਾਂ ਕੁਝ ਵਿਰੋਧੀ ਲੋਕ ਇਸ ਵਿੱਚ ਅੜਚਣਾਂ ਪਾਉਂਦੇ ਰਹੇ ਪ੍ਰੰਤੂ ਹੁਣ ਮੌਜੂਦਾ ਪੰਚਾਇਤ ਸਦਕਾ ਇਹ ਕੰਮ ਸੰਭਵ ਹੋਇਆ ਹੈ ਸੋ ਬਾਬਾ ਸਾਹਿਬ ਨੂੰ ਚਾਹਣ ਵਾਲੇ NRI ਮਿੱਤਰਾਂ ਸੱਜਣਾ, ਭੈਣ ਭਰਾਵਾਂ ਨੂੰ ਬੇਨਤੀ ਹੈ ਕਿ ਇਸ ਪਾਰਕ ਦਾ ਕੰਮ ਚਾਲੂ ਹੈ ਸੋ ਵੱਧ ਚੜ ਕੇ ਆਪਣਾ ਹਿੱਸਾ ਪਾਈਏ ਤਾਂ ਜੋ ਅਸੀਂ ਆਪਣੇ ਰਹਿਬਰ ਦੀ ਮੈਮੋਰੀਅਲ ਪਾਰਕ ਨੂੰ ਵਧੀਆ ਦਿੱਖ ਬਣਾ ਸਕੀਏ। ਇਹ ਪਾਰਕ ਇਕੱਲੇ ਪਿੰਡ ਬਾੜੀਆਂ ਕਲਾਂ ਲਈ ਨਹੀਂ ਸਗੋਂ ਆਲੇ ਦੁਆਲੇ ਦੇ ਹੋਰ ਅਨੇਕਾਂ ਪਿੰਡਾਂ ਨੂੰ ਜੋੜਦੀ ਹੈ ਜਦੋਂ ਜਦੋਂ ਪਿੰਡ ਬਾੜੀਆਂ ਕਲਾਂ ਤੋਂ ਮੂਵਮੈਂਟ ਦੀ ਗੱਲ ਚੱਲੀ ਹੈ ਤਾਂ ਸਾਰੇ ਪਿੰਡਾਂ ਵਿੱਚ ਮੂਵਮੇਂਟ ਅੱਗੇ ਵਧੀ ਹੈ। ਸੋ ਆਓ ਇਸ ਗੱਲ ਨੂੰ ਧਿਆਨ ਚ ਰੱਖਦੇ ਹੋਏ ਇਸ ਪਾਰਕ ਨੂੰ ਵਧੀਆ ਦਿਖ ਦੇਣਾ, ਨੇਪਰੇ ਚਾੜਨਾ ਸਾਡਾ ਮਿਸ਼ਨਰੀ ਸਾਥੀਆਂ ਦਾ ਫਰਜ਼ ਬਣਦਾ ਹੈ।

ਲੋੜੀਂਦਾ ਸਮਾਨ:-




1. ਭਰਤ/ਮਿੱਟੀ 250-300 ਟਰਾਲੀ




2. ਇੰਟਰਲੋਕ ਟਾਈਲ 80 ਮਮ
3. ਇੱਟਾਂ/ਸੀਮੇਂਟ

ਆਓ ਹਿੱਸੇ ਦਾ ਦਸਵੰਧ ਜ਼ਰੂਰ ਕੱਢੀਏ, ਅਸੀਂ ਆਪ ਜੀ ਸਹਿਯੋਗ ਦੇ ਉਡੀਕਵਾਨ ਰਹਾਂਗੇ। ਜੈ ਭੀਮ ਜੈ ਭਾਰਤ

**ਬੇਨਤੀਕਰਤਾ-**
**ਸ. ਅਮਨਦੀਪ ਸਿੰਘ ਸਿੱਧੂ, ਬਾੜੀਆਂ**
**ਮੋਬਾਇਲ - 94657-54037, 77739-51432**



**ਸ. ਅਮਨਦੀਪ ਸਿੰਘ ਸਿੱਧੂ, ਬਾੜੀਆਂ**

# ਆਦਿਵਾਸੀ ਪ੍ਰਦਰਸ਼ਨ ਦੌਰਾਨ ਪੁਲਿਸ ਵਾਹਨਾਂ ਦੀ ਤੋੜਫੋੜ

**ਵੈਨਕੂਵਰ, 5 ਅਪ੍ਰੈਲ (ਮਲਕੀਤ ਸਿੰਘ) - ਕੈਨੇਡਾ** ਦੇ ਨੋਵਾ ਸਕੋਸ਼ੀਆ ਸੂਬੇ ਵਿੱਚ ਆਦਿਵਾਸੀ ਭਾਈਚਾਰੇ ਵੱਲੋਂ ਕੀਤੇ ਗਏ ਇੱਕ ਪ੍ਰਦਰਸ਼ਨ ਦੌਰਾਨ ਪੁਲਿਸ ਵਾਹਨਾਂ ਨੂੰ ਨੁਕਸਾਨ ਪਹੁੰਚਾਉਣ ਦੇ ਮਾਮਲੇ ਸਾਹਮਣੇ ਆਏ ਹਨ। ਜਾਣਕਾਰੀ ਮੁਤਾਬਕ ਇਹ ਘਟਨਾ ਕਨੇਡਾ ਦੇ ਮੂਲ ਨਿਵਾਸੀ ਫਰਸਟ ਨੇਸ਼ਨਜ਼ ਨਾਲ ਸੰਬੰਧਿਤ ਪ੍ਰਦਰਸ਼ਨ ਦੌਰਾਨ ਵਾਪਰੀ, ਜਿੱਥੇ ਕੁਝ ਲੋਕਾਂ ਵੱਲੋਂ ਹੰਗਾਮਾ ਕੀਤਾ ਗਿਆ। ਪੁਲਿਸ



ਪ੍ਰਦਰਸ਼ਨ ਦੌਰਾਨ ਨੁਕਸਾਨਿਆ ਪੁਲਿਸ ਵਾਹਨ

ਅਧਿਕਾਰੀਆਂ ਨੇ ਕਿਹਾ ਕਿ ਪ੍ਰਦਰਸ਼ਨ ਦੇ ਨਾਂ 'ਤੇ ਕੀਤੀ ਗਈ ਇਸ ਤੋੜਫੋੜ ਨਾਲ ਸਰਕਾਰੀ ਸੰਪਤੀ ਨੂੰ ਨੁਕਸਾਨ ਪਹੁੰਚਿਆ ਗਿਆ ਹੈ। ਇਸ ਮਾਮਲੇ 'ਤੇ ਪ੍ਰਤੀਕਿਰਿਆ ਦਿੰਦਿਆਂ ਪੋਟਲੋਟੈਕ ਕੌਂਸਲ ਦੇ ਇੱਕ ਮੈਂਬਰ ਨੇ ਕਿਹਾ ਕਿ ਜਿਹੜੇ ਲੋਕ ਹੰਗਾਮਾ ਕਰਨ ਲਈ ਆਏ ਸਨ, ਉਹ ਆਪਣੇ ਅੰਦਰ ਝਾਤ ਮਾਰਨ ਅਤੇ ਚੰਗਾ ਇਨਸਾਨ ਬਣਨ ਬਾਰੇ ਸੋਚਣ। ਪੁਲਿਸ ਵੱਲੋਂ ਮਾਮਲੇ ਦੀ ਜਾਂਚ ਕੀਤੀ ਜਾ ਰਹੀ ਹੈ ਅਤੇ ਦੋਸ਼ੀਆਂ ਦੀ ਪਛਾਣ ਕਰਨ ਲਈ ਸਬੂਤ ਇਕੱਠੇ ਕੀਤੇ ਜਾ ਰਹੇ ਹਨ।

# ਹਾਸ ਵਿਅੰਗ- ਸ਼ਾਇਰੀ ਵਿਆਕਰਨ- ਮੁੱਢਲਾ ਸਬਕ (ਅਧਿਆਇ)

ਸ਼ਬਦਾਂ ਦੇ 'ਉਲਟ-ਪੁਲਟ' ਕੀਤੇ ਫੇਰ ਨੂੰ ਗਰਾਮਰ ਕਿਹਾ ਜਾਂਦਾ ਹੈ ਅਤੇ ਉਨ੍ਹਾਂ ਦੇ ਸੁਮੇਲ ਨੂੰ ਵਾਕ। ਜਦੋਂ ਤੋਂ ਉਪਦੇਸ਼-ਸਥਾਨਾਂ ਤੇ ਵਿਆਕਰਨ ਅਤੇ ਧੁਨਾਂ ਦਾ 'ਰੌਲ਼ਾ-ਰੱਪਾ' ਪਿਆ ਹੈ ਕਿ ਇਨ੍ਹਾਂ ਨੂੰ ਮੁੱਖ ਰੱਖ ਕੇ,ਲਿਖਤ ਨੂੰ ਇਸ ਦੇ ਨੇਮਾਂ ਅਨੁਸਾਰ ਸ਼ੁੱਧ ਰੂਪ ਵਿੱਚ ਲਿਖਣਾ ਚਾਹੀਦਾ ਹੈ,ਉਦੋਂ ਤੋਂ ਇਸ ਵੱਲੋਂ ਲੋਕਾਂ ਦਾ ਧਿਆਨ ਕੁੱਝ ਘੱਟ ਕੇ,ਖੁੱਲੀ ਕਵਿਤਾ ਵਾਲੀ ਸ਼ਾਇਰੀ ਦੇ ਰਾਹ ਵੱਲ ਵਾਧਾ ਹੋਣਾ ਸ਼ੁਰੂ ਹੋ ਗਿਆ ਹੈ। ਮਿੱਤਰ ਜਣੋ! ਤੁਹਾਡੇ ਵਿੱਚੋਂ ਬਹੁਤੇ ਇਹ ਜਾਣਦੇ ਹਨ ਕਿ 'ਗ਼ਜ਼ਲ-ਕਾਵਿ' ਦੀ ਵਿਆਕਰਨ ਨੂੰ ਅਰੂਜ਼ ਕਿਹਾ ਜਾਂਦਾ ਹੈ। ਪੁਰਾਣੇ ਸਮੇਂ ਦੇ ਕਵੀ ਜਨ,ਅਰੂਜ਼ (ਅਰਜ਼ ਦਾ ਬਹੁ-ਵਚਨ) ਦੇ ਗੁਣੀਏ ਦੀ ਵਰਤੋਂ ਕੀਤੇ ਬਿਨਾਂ ਸ਼ਾਇਰੀ ਨਹੀਂ ਕਰਦੇ ਸਨ। ਪਰ ਅੱਜ ਦੇ ਨਵੀਨ ਯੁੱਗ ਵਿੱਚ ਇਸ ਨੂੰ ਬਹੁਤ ਹੱਦ ਤੱਕ ਗੁੱਠੇ ਹੀ ਲਾ ਕੇ ਰੱਖਿਆਂ ਹੋਇਆਂ ਹੈ। ਅੱਜ ਕਲ,ਖੁੱਲੀ ਕਵਿਤਾ ਦਾ ਰੁਝਾਨ ਵੱਧ ਰਿਹਾ ਹੈ ਅਤੇ ਬਹੁਤੇ ਨਾਮ ਨਿਹਾਦ ਸ਼ਾਇਰਾਂ ਨੇ ਇਹ ਨਵਾਂ ਰੂਪ ਅਖ਼ਤਿਆਰ ਕਰ ਲਿਆ ਹੈ। ਕਿਸੇ ਨਵੇਂ ਸ਼ਾਇਰ ਦੇ ਸਾਹਮਣੇ ਅਰੂਜ਼ ਵਾਲੇ ਗੁਣੀਏ ਦਾ ਨਾਂ ਤਾਂ ਲੈ ਕੇ ਦੇਖੋ,ਉਹ ਝੱਟ ਕਹਿ ਦਿਓ ਕਿ ਛੱਡੋ ਜੀ,ਉਹਦੇ ਤਾਂ ਆਪਣੇ ਲਘੂ,ਗੁਰੂ ਨੱਸੇ-ਭੱਜੇ ਫਿਰਦੇ ਨੇ।ਕੋਈ ਕਿਸੇ ਦੀ ਬਾਂਹ ਮਰੋੜ ਦਿੰਦਾ ਤੇ ਕੋਈ ਮੋਢਾ ਲਾਹ ਦਿੰਦਾ? ਕਿਸੇ ਜ਼ਹਾਫ ਜਾਂ ਤਕਤੀਹ ਦੇ ਬਾਰੇ ਪੁੱਛਣਾ ਤਾਂ ਦੂਰ ਦੀ ਗੱਲ ਹੈ। ਜੇ ਇਹ ਭੁਲੇਖਾ ਕੱਢਣਾ ਹੋਵੇ ਤਾਂ ਤਜਰਬਾ ਕਰ ਕੇ ਦੇਖ ਲੈਣਾ।ਉਹ ਝੱਟ ਕਹਿ ਦੇਊ ਕਿ ਰੱਬ ਦਾ ਵਾਸਤਾ,ਇਹ ਖਰ੍ਹਵੇ ਜਿਹੇ ਕੰਨ ਪਾੜੂ ਸ਼ਬਦ ਮੈਨੂੰ ਨਾ ਸੁਣਾਓ।

ਮੈਨੂੰ ਜ਼ਹਾਫ - ਜ਼ਹੂਫ ਪਸੰਦ ਨਹੀਂ, ਬੱਸ ਮੇਰੀ ਰਚਨਾ ਸੁਣੋ ਅਤੇ ਅਨੰਦ ਨਾਲ ਲ ਹ ਾ ਫ (ਰਜਾਈ), ਗਲਾਫ ਦਾ ਨਿੱਘ ਮਾਣੋ।

ਸੁਹਿਰਦ ਸੱਜਣੋ! ਇਹ ਵੀ ਸੁਣਿਆ ਹੈ ਕਿ ਅਰੂਜ਼ ਵਿੱਚ ਬਹਿਰਾਂ (ਲਹਿਰਾਂ) ਵੀ ਕਹਿਰਾਂ ਦੀਆਂ ਬੜੀਆਂ ਉੱਚੀਆਂ-ਨੀਵੀਂਆਂ ਹੁੰਦੀਆਂ ਹਨ। ਕਈਆਂ ਦੇ ਦਿਲਾਂ ਵਿੱਚ ਇਹ ਜਵਾਰ- ਭਾਟੇ ਵਾਂਗ ਉੱਠਦੀਆਂ ਰਹਿੰਦੀਆਂ ਹਨ। ਕਈ ਤਾਂ ਏਨਾਂ ਡੂੰਘੀਆਂ ਹੁੰਦੀਆਂ ਹਨ ਕਿ ਬਹੁਤੇ ਤਾਂ ਨਵੇਂ ਤੈਰਾਕ,ਇਸ ਵਿੱਚ ਗ਼ੋਤੇ ਖਾ ਕੇ ਡੁੱਬ ਵੀ ਗਏ ਨੇ।ਕੁੱਝ ਕਰਮਾਂ ਵਾਲੇ ਹੀ ਹੁੰਦੇ ਹਨ ਜੋ ਪਾਰ-ਉਤਾਰਾ ਕਰ ਲੈਂਦੇ ਹਨ ਤੇ ਬਾਕੀ ਇਸ ਪਾਸੇ ਉਮਰ ਭਰ ਝਾਕਦੇ ਵੀ ਨਹੀਂ। ਇਸ ਲਈ ਬਹੁਤੇ ਲੋਕ 'ਅਰੂਜ਼ੀ ਗ਼ਜ਼ਲ ( ਅਰੂਸਾ ਨਹੀਂ) ਵੱਲ ਜਾਣੋ ਕਤਰਾਉਂਦੇ ਹਨ।ਬੱਸ,ਇਸ ਦੁੱਖੋਂ ਡਰਦੇ,ਗ਼ਜ਼ਲ ਲਿਖਣ ਦਾ ਪੰਗਾ ਨਹੀਂ ਸਹੇੜਦੇ ਤੇ ਅੱਖਾਂ ਮੀਚੀ ਸਿੱਧਾ ਕਵਿਤਾ ਜਾਂ ਖੁੱਲ੍ਹੀਂ ਕਾਵਿ ਰਚਨਾ ਦੇ ਵਹਿੜੇ 'ਚ ਜਾ ਧਮਾਲ ਪਾਉਂਦੇ ਨੇ। ਉਨ੍ਹਾਂ ਦਾ ਇਹ ਚੱਜ-ਆਚਾਰ,ਗਜ਼ਲ ਦੇ ਡੇਰਾ ਪ੍ਰੇਮੀਆਂ ਨੂੰ ਕਾਣੀ- ਅੱਖ ਭਾਉਂਦਾ ਨਹੀਂ।

ਇੱਕ ਹੋਰ ਕਿਸਮ ਦੇ ਲੇਖਕ ਵੀ ਹਨ,ਜੋ ਰਵਾਇਤੀ ਕਵਿਤਾ ਲਿਖਣ ਦੀ ਵਕਾਲਤ ਕਰਦੇ ਰਹਿੰਦੇ ਹਨ। ਉਨ੍ਹਾਂ ਦਾ ਕਾਰਜ ਆਪਣੀ ਥਾਂ ਯੋਗ ਹੈ। ਉਹ ਆਪਣੇ ਰਾਹ ਤੁਰੇ ਜਾਣ,ਐਵੇਂ ਅੱਡੀਆਂ ਚੁੱਕ-ਚੁੱਕ ਦੂਜਿਆਂ ਨੂੰ ਬੁਰਾ ਭਲਾ ਨਾ ਕਹਿਣ। ਉਹ ਲੋਕਾਂ ਦਾ ਨੌਂ-ਦੋ ਗਿਆਰਾਂ ਕਰਦੇ-ਕਰਦੇ ( ਉਰਦੂ ਮੁਹ-ਾਵਰਾ-(ਭੱਜਣਾ, ਤੁਰੰਤ ਬਚਣਾ, ਅਲੋਪ ਹੋਣਾ, ਉੱਡ ਜਾਣਾ, ਆਦਿ।)ਕਿਤੇ ਆਪਣੇ ਤੇਰਾਂ-ਗਿਆਰਾਂ ( ਦੋਹਾ 13+11 ਮਾਤ੍ਰਾਵਾਂ )ਨਾ ਭੁੱਲ ਜਾਣ।

ਮੁੱਦੇ ਦੀ ਗੱਲ ਤਾਂ ਇਹ ਹੋਣੀ ਚਾਹੀਦੀ ਹੈ ਕਿ ਲੇਖਕ ਦਾ ਲਿਖਣ ਉਦੇਸ਼ ਸਕਾਰਾਤਮਿਕ ਹੋਵੇ।ਇਹ ਨਹੀਂ ਕਿ ਦੂਜੇ ਦੀ ਲਿਖਤ-ਵੰਨਗੀ ਉੱਤੇ ਚੌਕੀਦਾਰੀ ਜਾਂ ਫ਼ੌਜਦਾਰੀ ਕਰ ਕੇ ਬੇਲੋੜਾ ਤਣਾਅ ਲਵੇ ਜਾਂ ਦੇਵੇ ਜਾਂ ਕਿਸੇ ਵਿਅਕਤੀ ਦੇ ਸਾਹਿੱਤਿਕ ਗੁਣਵੱਤਾ ਤੇ ਨਕਾਰਾਤਮਿਕ ਪ੍ਰਭਾਵ ਪਾਵੇ। ਇੱਕ ਚੰਗੀ ਲਿਖਤ ਆਪਣੇ ਆਪ ਪਾਠਕਾਂ ਤੱਕ ਪਹੁੰਚ ਜਾਂਦੀ ਹੈ ਅਤੇ ਉਨ੍ਹਾਂ ਦੇ ਮਨ ਵਿੱਚ ਥਾਂ ਬਣਾ ਲੈਂਦੀ ਹੈ।

ਸੋ,ਆਪਣੀ ਮਾਂ ਬੋਲੀ ਨੂੰ ਆਪਣੇ ਮਨੋਹਰ ਵਿਚਾਰਾਂ ਨਾਲ ਸ਼ਿੰਗਾਰਦੇ ਰਹੋ। ਇਹੀ ਸੇਵਾ ਹੈ।



**ਸੁਰਜੀਤ ਸਿੰਘ ਭੁੱਲਰ**

# ਵਿਜਟ ਟੂ ਲੋਚੀਏਲ ਪਾਰਕ ਕਿਊਮਨਿਟੀ ਗਾਰਡਨ

"ਆਉਂ ਤੁਹਾਨੂੰ ਆਪਣਾ ਗਾਰਡਨ ਦਿਖਾਈਏ। ਨਜ਼ਦੀਕ ਹੀ ਹੈ ਵਾਕਿੰਗ ਡਿਸਟੈਂਸ ਤੇ।" ਕੱਲ੍ਹ ਜਦੋਂ ਸਾਡੇ ਮੇਜ਼ਬਾਨ ਨੇ ਜ਼ੋਰ ਦੇ ਕੇ ਕਿਹਾ ਤਾਂ ਮੈਂ ਇਨਕਾਰ ਨਹੀਂ ਕਰ ਸਕਿਆ ਕਿਉਂਕਿ ਹਰ ਨਵੀਂ ਚੀਜ਼ ਵੇਖਣ ਦੀ ਮੇਰੀ ਇੱਛਾ ਹੁੰਦੀ ਹੈ। ਹਾਲਾਂਕਿ ਮੈਨੂੰ ਮੇਰੀ ਬੁੱਢੀ ਦਾ ਫਿਕਰ ਸੀ ਕਿ ਉਹ ਜਿਆਦਾ ਚੱਲ ਨਹੀਂ ਸਕੇਗੀ।

ਇਹ ਸਾਂਝਾ ਗਾਰਡਨ ਇਹਨਾਂ ਦੇ ਘਰ ਤੋਂ ਕੋਈ ਅੱਠ ਕੁ ਸੌ ਮੀਟਰ ਦੀ ਦੂਰੀ ਤੇ ਸੀ ਜਿੱਥੇ ਜਾਣ ਲਈ ਬਹੁਤ ਵਧੀਆ ਸੜਕ ਬਣੀ ਹੋਈ ਸੀ ਜੋ ਉੱਚੀ ਨੀਵੀਂ ਤੇ ਗੋਲ ਜਿਹੀ ਸੀ। ਇਹ ਸਿਰਫ ਪੈਦਲ ਜਾਣ ਲਈ ਹੀ ਹੈ। ਜਿੱਥੇ ਕੋਈ ਵਹੀਕਲ ਨਹੀਂ ਆਉਂਦਾ। ਬਰਸਾਤੀ ਨਾਲੇ ਤੇ ਬਣਿਆਂ ਲੋਹੇ ਦੀ ਜਾਲੀ ਵਾਲਾ ਪੁੱਲ ਪਾਰ ਕਰਕੇ ਅਸੀਂ ਉਸ ਸਾਂਝੇ ਗਾਰਡਨ ਵਿੱਚ ਪਾਹੁੰਚ ਗਏ। ਹਾਲਾਂਕਿ ਰਸਤਾ ਥੋੜ੍ਹਾ ਜਿਹਾ ਪਹਾੜੀ ਨੁਮਾ ਹੋਣ ਕਰਕੇ ਸਾਨੂੰ ਦੋਹਾਂ ਨੂੰ ਸਾਂਹ ਚੜ੍ਹ ਗਿਆ ਪ੍ਰੰਤੂ ਮੇਜ਼ਬਾਨ ਜੋੜੇ ਦੀ ਹੱਲਾਸ਼ੇਰੀ ਅਤੇ ਵਾਪੀਸੀ ਲਈ ਘਰੋਂ ਕਾਰ ਮੰਗਵਾਉਣ ਦੇ ਵਾਇਦੇ ਨੇ ਸਾਨੂੰ ਕੁਝ ਰਾਹਤ ਦਿੱਤੀ। ਇੱਥੇ ਗਾਰਡਨ ਦੇ ਨਜ਼ਦੀਕ ਬਹੁਤ ਸਾਰੇ ਸੀਨੀਅਰ ਸਿਟੀਜਨ ਹੀ ਰਹਿੰਦੇ ਹਨ। ਉਥੇ ਥੋੜੀ ਰੌਣਕ ਲਾਉਣ ਦੇ ਇਰਾਦੇ ਨਾਲ ਕੋਲ੍ਹ ਖਾਲੀ ਪਾਈ ਜਮੀਨ ਤਕਰੀਬਨ ਪੰਜ ਬਾਈ ਛੇ ਫੁੱਟ ਦੇ ਬੈਡ ਬਣਾਕੇ ਦੋ ਕਿਲੋਮੀਟਰ ਦੇ ਦਾਇਰੇ ਵਿੱਚ ਰਹਿਣ ਵਾਲੇ ਇੱਛਕ ਲੋਕਾਂ ਨੂੰ ਅਲਾਟ ਕੀਤੀ ਗਈ ਹੈ। ਇਹ ਬੈਡ ਅਲਗ ਅਲਗ ਸਾਈਜ਼ ਦੇ ਹਨ ਜੋ ਗਿਣਤੀ ਵਿੱਚ ਪੈਂਤੀ ਦੇ ਕਰੀਬ ਹਨ ਤੇ ਇਹਨਾਂ ਤੇ ਬਕਾਇਦਾ ਨੰਬਰ ਲਿਖੇ ਹੋਏ ਹਨ। ਹਰ ਅਲਾਟੀ ਆਪਣੇ ਬੈਡ ਵਿੱਚ ਆਪਣੀ ਇੱਛਾ ਨਾਲ ਫਲ ਤੇ




ਸਬਜ਼ੀਆਂ ਉਗਾਉਂਦਾ ਹੈ ਤੇ ਨਿੱਤ ਆਕੇ ਉਹਨਾਂ ਦੀ ਸੇਵਾ ਸੰਭਾਲ ਕਰਦਾ ਹੈ। ਹਰ ਬੈਡ ਦੀ ਸਿੰਚਾਈ ਲਈ ਡਰਿਪ ਸਿਸਟਮ ਦੀ ਵਿਵਸਥਾ ਹੈ। ਅਲਾਟ ਕੀਤੇ ਬੈਡਜ ਤੋਂ ਇਲਾਵਾ ਕੁਝ ਸਾਂਝੇ ਫਲਦਾਰ ਬੂਟੇ ਵੀ ਲਗਾਏ ਹਨ ਜਿਸ ਵਿੱਚ ਨਿੰਬੂ, ਮੌਸਮੀ, ਅੰਜੀਰ, ਸੰਤਰੇ ਅਤੇ ਕੁਝ ਲੋਕਲ ਫਲ ਸ਼ਾਮਿਲ ਹਨ। ਹਰ



ਕੋਈ ਆਪਣੀ ਲੋੜ ਅਨੁਸਾਰ ਇਥੋਂ ਫਲ ਲਿਜਾ ਸਕਦਾ ਹੈ। ਇੱਥੇ ਦੇਸੀ ਖਾਦ ਤੋਂ ਇਲਾਵਾ ਕੋਈ ਪੇਸਟੀਸਾਈਡ ਜਾਂ ਫਰਟੀਲਾਇਜਰ ਦੀ ਵਰਤੋਂ ਨਹੀਂ ਕੀਤੀ ਜਾਂਦੀ। ਯਾਨੀ ਸਭ ਕੁੱਝ ਆਰਗੈਨਿਕ ਹੁੰਦਾ ਹੈ। ਇੱਥੇ ਇੱਕ ਮੱਖੀਆਂ ਦਾ ਬਾਕਸ ਵੀ ਰੱਖਿਆ ਹੈ ਜਿਸ ਤੋਂ ਹਰ ਸਾਲ ਕੋਈ ਅੱਠ ਦਸ ਕਿਲੋ ਸ਼ਹਿਦ ਪੈਦਾ ਹੁੰਦਾ ਹੈ ਜੋ ਇਹ ਸਾਰੇ ਮੈਂਬਰ ਆਪਸ ਵਿੱਚ ਵੰਡ ਲੈਂਦੇ ਹਨ। ਗਾਰਡਨ ਸੁਰੱਖਿਆ ਲਈ ਮੂਹਰੇ ਲੋਹੇ ਦਾ ਗੇਟ ਲਗਾਇਆ ਗਿਆ ਹੈ ਜੋ ਨੰਬਰ ਵਾਲੇ ਤਾਲੇ ਨਾਲ ਖੁੱਲ੍ਹਦਾ ਹੈ। ਗਾਰਡਨ ਦੇ ਪੈਂਤੀ ਅਲਾਟੀ ਤੇ ਤਕਰੀਬਨ ਨੱਬੇ ਮੈਂਬਰ ਹਨ ਜੋ ਹਰ ਮਹੀਨੇ ਇਕੱਠੇ ਹੁੰਦੇ ਹਨ ਅਤੇ ਗਾਰਡਨ ਦੀ ਬੇਹਤਰੀ ਲਈ ਕੰਮ ਕਰਦੇ ਹਨ। ਗਾਰਡਨ ਦੀ ਸੰਸਥਾਪਕ ਮਿਸੇਜ ਜੈਨੀ ਨੇ ਆਪਣਾ ਇੱਕ ਛੋਟਾ ਜਿਹਾ ਪੈਵਿਲੀਅਨ ਵੀ ਬਣਾਇਆ ਹੈ।

ਸਮਾਜ ਵੀਕਲੀ ਨਿਊਜ਼

ਸਾਡੇ ਮੇਜ਼ਬਾਨ ਨੂੰ ਸਾਨੂੰ ਮਿਸ ਜੈਨੀ ਨਾਲ ਵੀ ਮਿਲਵਾਇਆ। ਥੋੜ੍ਹੇ ਜਿਹੇ ਸਮੇਂ ਬਾਅਦ ਮਿਸਟਰ ਦਕਸ਼ ਸਾਡੇ ਲਈ ਆਪਣੀ ਕਾਰ ਲੈ ਆਇਆ ਤੇ ਅਸੀਂ ਬਿਨਾਂ ਗੋਡੇ ਘੜੀਸੇ ਘਰ ਪਾਹੁੰਚ ਗਏ। ਮੈਨੂੰ ਇਹ ਗਾਰਡਨ ਆਪਸੀ ਮਿਲਵਰਤਨ ਮੇਹਨਤ ਅਤੇ ਸ਼ੋਕ ਪੂਰਤੀ ਦੇ ਨਾਲ ਨਾਲ ਇੱਕ ਫਲਦਾਇਕ ਪ੍ਰੋਜੈਕਟ ਵੀ ਲੱਗਿਆ।

**ਰਮੇਸ਼ ਸੇਠੀ ਬਾਦਲ**
**9876627233**

**Locihel Park**
**Commuinty Garden**

# ਭਗਵੰਤ ਮਾਨ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਖਿਲਾਫ ਕੀਤੀ ਗਈ ਬਿਆਨਬਾਜ਼ੀ ਨਿੰਦਣਯੋਗ : ਵੱਖ ਵੱਖ ਆਗੂ

**ਨਵਾਂਸ਼ਹਿਰ 5 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਸ਼੍ਰੋਮਣੀ ਅਕਾਲੀ ਬਾਦਲ ਦੇ ਸੀਨੀਅਰ ਆਗੂਆਂ ਜਿਹਨਾਂ ਵਿੱਚ ਅਸ਼ੋਕ ਨਾਨੋਵਾਲ ਸੀਨੀਅਰ ਅਕਾਲੀ ਆਗੂ , ਗੁਰਪ੍ਰੀਤ ਗੁੱਜਰ ਰੈਲਮਾਜਰਾ ਸੀਨੀਅਰ ਅਕਾਲੀ ਆਗੂ, ਹਨੀ ਟੌਂਸਾ ਸੀਨੀਅਰ ਅਕਾਲੀ ਆਗੂ ਅਤੇ ਸੀਨੀਅਰ ਅਕਾਲੀ ਆਗੂ ਸਤਨਾਮ ਸਿੰਘ ਰਾਜੂਮਾਜਰਾ ਨੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵਲੋਂ ਸ਼੍ਰੋਮਣੀ ਅਕਾਲੀ ਦਲ ਬਾਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਖਿਲਾਫ ਕੀਤੀ ਗਈ ਨਵੀਂ ਕਿਕਲੀ ਰਾਹੀਂ ਅਮਲੀ ਬੋਲਣ ਵਾਲੀ ਟਿੱਪਣੀ ਦੀ ਕੜੀ ਨਿੰਦਾ ਕੀਤੀ ਹੈ।

ਉਨ੍ਹਾਂ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਵੱਲੋਂ ਇਸ ਤਰ੍ਹਾਂ ਦੀ ਹਲਕੀ ਅਤੇ ਗੈਰ-ਜਿੰਮੇਵਾਰ ਬਿਆਨਬਾਜ਼ੀ ਕਰਨੀ ਨਾ ਸਿਰਫ਼ ਸਿਆਸੀ ਮਰਯਾਦਾ ਦੇ ਖਿਲਾਫ ਹੈ, ਸਗੋਂ ਇਹ ਪੰਜਾਬ ਦੇ ਲੋਕਾਂ ਦੀ ਸੋਚ ਅਤੇ ਸੱਭਿਆਚਾਰ ਨੂੰ ਵੀ ਠੇਸ ਪਹੁੰਚਾਉਂਦੀ ਹੈ।ਜਿਸ ਨੂੰ ਪੰਜਾਬ ਦੇ ਲੋਕ ਕਦੇ ਵੀ ਮਾਫ਼ ਨਹੀ ਕਰਨਗੇ।

ਉਨ੍ਹਾਂ ਕਿਹਾ ਕਿ ਇੱਕ ਜਿੰਮੇਵਾਰ ਅਹੁਦੇ ਤੇ ਬੈਠੇ ਵਿਅਕਤੀ ਤੋਂ ਇਸ ਤਰ੍ਹਾਂ ਦੀ ਭਾਸ਼ਾ ਦੀ ਉਮੀਦ ਨਹੀਂ ਕੀਤੀ





ਜਾ ਸਕਦੀ।

ਉਹਨਾਂ ਨੇ ਦੋਸ਼ ਲਾਇਆ ਕਿ ਭਗਵੰਤ ਸਿੰਘ ਮਾਨ ਸਰਕਾਰ ਲੋਕਾਂ ਦੇ ਮੁੱਦਿਆਂ ਤੋਂ ਧਿਆਨ ਹਟਾਉਣ ਲਈ ਇਸ ਤਰ੍ਹਾਂ ਦੀ ਬਿਆਨਬਾਜ਼ੀ ਕਰ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਅੱਜ ਬੇਰੁਜ਼ਗਾਰੀ, ਨਸ਼ਿਆਂ ਅਤੇ ਕਾਨੂੰਨ-ਵਿਵਸਥਾ ਵਰਗੀਆਂ ਗੰਭੀਰ ਸਮੱਸਿਆਵਾਂ ਨਾਲ ਜੂਝ ਰਿਹਾ ਹੈ, ਪਰ ਸਰਕਾਰ ਇਨ੍ਹਾਂ ਮਸਲਿਆਂ ਦਾ ਹੱਲ ਕਰਨ ਦੀ ਬਜਾਏ ਵਿਰੋਧੀਆਂ ਤੇ ਨਿਸ਼ਾਨੇ ਸਾਧ ਰਹੀ ਹੈ।ਉਨ੍ਹਾਂ ਨੇ ਕਿਹਾ ਕਿ ਸੁਖਬੀਰ ਸਿੰਘ ਬਾਦਲ ਹਮੇਸ਼ਾ





ਪੰਜਾਬ ਅਤੇ ਪੰਜਾਬੀਆਂ ਦੇ ਹੱਕਾਂ ਲਈ ਲੜਦੇ ਆਏ ਹਨ ਅਤੇ ਉਨ੍ਹਾਂ ਖਿਲਾਫ ਇਸ ਤਰ੍ਹਾਂ ਦੀ ਭਾਸ਼ਾ ਵਰਤਣਾ ਬਿਲਕੁਲ ਗਲਤ ਹੈ।ਅਖੀਰ ਵਿੱਚ, ਉਨ੍ਹਾਂ ਨੇ ਮੁੱਖ ਮੰਤਰੀ ਨੂੰ ਅਪੀਲ ਕੀਤੀ ਕਿ ਉਹ ਆਪਣੇ ਅਹੁਦੇ ਦੀ ਮਰਯਾਦਾ ਨੂੰ ਸਮਝਦੇ ਹੋਏ ਭਵਿੱਖ ਵਿੱਚ ਇਸ ਤਰ੍ਹਾਂ ਦੀ ਸ਼ਬਦਾਵਲੀ ਤੋਂ ਗੁਰੇਜ਼ ਕਰਨ ਅਤੇ ਪੰਜਾਬ ਦੇ ਅਸਲ ਮੁੱਦਿਆਂ ਤੇ ਧਿਆਨ ਦੇਣ।

# ਸਤੁੰਨਲ ਵਿਗੜਨ ਕਰਕੇ ਕਾਰ ਡਿਵਾਈਡਰ ਤੇ ਚੜ੍ਹ ਕੇ ਪਲਟੀ, 2 ਸਵਾਰ ਫੱਟੜ

**ਨਵਾਂਸ਼ਹਿਰ /ਕਾਠਗੜ੍ਹ 5 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ )** ਰੋਪੜ੍ਹ ਬਲਾਚੌਰ ਨੈਸ਼ਨਲ ਹਾਈਵੇ ਤੇ ਨੇੜੇ ਫਤਹਿਪੁਰ ਅੱਡੇ ਜੰਗਲਾਤ ਵਿਭਾਗ ਦੇ ਦਫਤਰ ਸਾਹਮਣੇ ਕਾਰ ਦਾ ਐਕਸੀਡੈਂਟ ਹੋਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ ਇਸ ਸਬੰਧੀ ਜਾਣਕਾਰੀ ਦਿੰਦੇ ਹੋਏ ਐਸ ਐਸ ਐਫ ਟੀਮ ਦੇ ਇੰਚਾਰਜ ਏ ਐਸ ਆਈ ਪ੍ਰਵੀਨ ਕੁਮਾਰ ਨੇ ਦੱਸਿਆ ਕਿ ਉਨ੍ਹਾਂ ਨੂੰ ਰਾਹਗੀਰ ਤੋਂ ਸੂਚਨਾ ਪ੍ਰਾਪਤ ਹੋਈ ਤਾਂ ਉਨ੍ਹਾਂ ਨੇ ਤੁਰੰਤ ਮੌਕੇ ਤੇ ਜਾ ਦੇਖਿਆ ਕਿ ਇੱਕ ਸਵਿਫਟ ਡਿਜਾਇਰ ਕਾਰ ਜੋ ਕਿ ਰੋਪੜ੍ਹ ਤੋਂ ਬਲਾਚੌਰ ਸਾਈਡ ਜਾ ਰਹੀ ਸੀ ।ਜਿਸ ਨੂੰ ਅਬਦੁਲ ਰਹਿਮਾਨ ਪੁੱਤਰ ਕਾਲਾ ਵਾਸੀ ਰੋਪੜ੍ਹ ਚਲਾ ਰਿਹਾ ਸੀ ਅਤੇ ਇਸ ਦੇ ਨਾਲ ਇਸ ਦਾ ਇੱਕ ਸਾਥੀ ਬੈਠਾ ਸੀ । ਕਾਰ ਦਾਨੰਬਰ ਪੀ ਬੀ 07 ਏ ਪੀ 0432 ਜਦੋਂ ਇਹ ਸਵਿਫਟ ਡਿਜਾਇਰ ਕਾਰ ਉਪਰੋਕਤ ਸਥਾਨ ਤੇ



**ਹਾਦਸੇ ਵਿੱਚ ਬੁਰੀ ਤਰ੍ਹਾਂ ਨਾਲ ਨੁਕਸਾਨੀ ਗਈ ਕਾਰ ਦੀਆਂ ਤਸਵੀਰਾਂ**

ਪਹੁੰਚੀ ਤਾਂ ਕਾਰ ਦਾ ਅਚਾਨਕ ਸਤੁੰਨਲ ਵਿਗੜ ਗਿਆ ਅਤੇ ਕਾਰ ਬੈਕਾਬੂ ਹੋ ਕਿ ਡਿਵਾਈਡਰ ਤੇ ਚੜ੍ਹ ਕੇ ਪਲਟ ਗਈ ਅਤੇ ਹਾਦਸਾ ਬਹੁਤ ਹੀ ਭਿਆਨਕ ਸੀ ਕਾਰ ਦਾ ਮੂੰਹ ਰੋਪੜ੍ਹ ਵੱਲ ਨੂੰ ਘੁੰਮ ਗਿਆ। ਜਿਸ ਨਾਲ ਕਾਰ ਸਵਾਰ 2 ਵਿਅਕਤੀ ਗੰਭੀਰ ਰੂਪ ਵਿੱਚ ਜਖਮੀ ਹੋ ਗਏ ਜਿਨ੍ਹਾਂ ਨੂੰ ਐਸ ਐਸ ਐਫ ਦੀ ਟੀਮ ਵਲੋਂ ਨੈਸ਼ਨਲ ਹਾਈਵੇ ਅਥਾਰਟੀ ਦੀ ਐਬੂਲੈਂਸ ਰਾਹੀ ਇਲਾਜ਼ ਲਈ ਰੋਪੜ੍ਹ ਦੇ ਨਿੱਜੀ ਹਸਪਤਾਲ ਵਿਖੇ ਇਲਾਜ਼ ਲਈ ਦਾਖਲ ਕਰਵਾਇਆ ਗਿਆ। ਐਸ ਐਸ ਐਫ ਦੀ ਟੀਮ ਵਲੋਂ ਨੈਸ਼ਨਲ ਹਾਈਵੇ ਅਥਾਰਟੀ ਦੀ ਰਿਕਵਰੀ ਵੈਨ ਨਾਲ ਕਾਰ ਨੂੰ ਸਾਇਡ ਤੇ ਕਰਵਾ ਕੇ ਆਵਾਜਾਈ ਨੂੰ ਸੁਚਾਰੂ ਢੰਗ ਨਾਲ ਬਹਾਲ ਕਰਵਾਈਆਂ ਅਤੇ ਇਸ ਹਾਦਸੇ ਦੀ ਸੂਚਨਾ ਥਾਣਾ ਕਾਠਗੜ੍ਹ ਅਤੇ ਕੰਟ੍ਰੋਲਰ ਰੂਮ ਨਵਾਂਸ਼ਹਿਰ ਨੂੰ ਦੇ ਦਿੱਤੀ ਗਈ ਹੈ।

# ਡਰੱਗ ਡੀ-ਐਡਿਕਸ਼ਨ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ

**ਲੁਧਿਆਣਾ (ਕਰਨੈਲ ਸਿੰਘ ਐੱਮ.ਏ.)** ਡਾ: ਦ੍ਵਾਰਕਾਨਾਥ ਕੋਟਨੀਸ ਹੈਲਥ ਐਂਡ ਐਜੂਕੇਸ਼ਨ ਸੈਂਟਰ ਵੱਲੋਂ ਚਲਾਏ ਜਾ ਰਹੇ ਟੀ.ਆਈ. ਪ੍ਰੋਜੈਕਟ ਦੇ ਤਹਿਤ ਅੱਜ ਇੱਕ ਪ੍ਰਭਾਵਸ਼ਾਲੀ ਡਰੱਗ ਡੀ-ਐਡਿਕਸ਼ਨ ਜਾਗਰੂਕਤਾ ਪ੍ਰੋਗਰਾਮ ਦਾ ਆਯੋਜਨ ਕੀਤਾ ਗਿਆ, ਜਿਸ ਦਾ ਮੁੱਖ ਉਦੇਸ਼ ਨਸ਼ੇ ਦੀ ਲਤ ਨਾਲ ਪ੍ਰਭਾਵਿਤ ਲੋਕਾਂ ਦੀਆਂ ਸਮੱਸਿਆਵਾਂ ਨੂੰ ਸਮਝਣਾ ਅਤੇ ਸਮਾਜ ਵਿੱਚ ਉਨ੍ਹਾਂ ਪ੍ਰਤੀ ਸਕਾਰਾਤਮਕ ਸੋਚ ਪੈਦਾ ਕਰਨਾ ਸੀ।

ਪ੍ਰੋਗਰਾਮ ਦੌਰਾਨ ਨਸ਼ੇ ਦਾ ਸ਼ਿਕਾਰ ਹੋ ਚੁੱਕੇ ਲੋਕਾਂ ਨਾਲ ਖੁੱਲ੍ਹਾ ਸੰਵਾਦ ਕੀਤਾ ਗਿਆ, ਜਿਸ ਵਿੱਚ ਉਨ੍ਹਾਂ ਨੇ ਆਪਣੇ ਤਜਰਬੇ, ਸੰਘਰਸ਼ ਅਤੇ ਸਮਾਜਕ ਉਪੇਖਾਂ ਨਾਲ ਜੁੜੀਆਂ ਮੁਸ਼ਕਲਾਂ ਨੂੰ ਸਾਂਝਾ ਕੀਤਾ ਅਤੇ ਦੱਸਿਆ ਕਿ ਨਸ਼ੇ ਤੋਂ ਬਾਹਰ ਆਉਣ ਦੀ ਪ੍ਰਕਿਰਿਆ ਵਿੱਚ ਉਨ੍ਹਾਂ ਨੂੰ ਸਮਾਜਕ ਭੇਦਭਾਵ, ਪਰਿਵਾਰਕ ਦਬਾਅ ਅਤੇ ਪ੍ਰਸ਼ਾਸਨਕ ਦਿੱਕਤਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਇਸ ਮੌਕੇ ਸਿਵਲ ਹਸਪਤਾਲ ਦੇ ਨਸ਼ਾ ਮੁਕਤੀ ਕੇਂਦਰ ਅਤੇ ਓ.ਟੀ. ਸੈਂਟਰ ਤੋਂ ਡਾ: ਤਾਸ਼ੀਬਾ ਬਰਾਰ ਅਤੇ ਕੌਂਸਲਰ ਮਿਹਿਕਾ ਮਲਹੋਤਰਾ ਨੇ ਮਰੀਜ਼ਾਂ ਨਾਲ ਰੂਬਰੂ ਹੋ ਕੇ ਉਨ੍ਹਾਂ ਦੀਆਂ ਮਾਨਸਿਕ, ਸਮਾਜਕ ਅਤੇ ਸਿਹਤ ਸੰਬੰਧੀ ਸਮੱਸਿਆਵਾਂ ਨੂੰ ਸਮਝਿਆ ਅਤੇ ਇਹ ਭਰੋਸਾ ਦਿਵਾਇਆ ਕਿ ਉਨ੍ਹਾਂ ਦੀ ਆਵਾਜ਼ ਨੂੰ ਪ੍ਰਸ਼ਾਸਨ ਤੱਕ ਪਹੁੰਚਾਉਣ ਲਈ ਹਰ ਸੰਭਵ ਕੋਸ਼ਿਸ਼ ਕੀਤੀ ਜਾਵੇਗੀ। ਇਸ ਮੌਕੇ ਡਾ: ਕੋਟਨੀਸ ਐਕਿਊਪੰਕਚਰ





ਹਸਪਤਾਲ ਦੇ ਡਾਇਰੈਕਟਰ ਡਾ: ਇੰਦਰਜੀਤ ਸਿੰਘ ਨੇ ਕਿਹਾ ਕਿ ਨਸ਼ਾ ਪੀੜਤ ਲੋਕਾਂ ਨਾਲ ਅਪਰਾਧੀਆਂ ਵਾਂਗ ਵਰਤਾਵ ਕਰਨਾ ਬੰਦ ਕੀਤਾ ਜਾਣਾ ਚਾਹੀਦਾ ਹੈ ਕਿਉਂਕਿ ਇਸ ਨਾਲ ਉਨ੍ਹਾਂ ਦੇ ਸਵੈ-ਸਨਮਾਨ ਨੂੰ ਠੇਸ ਪਹੁੰਚਦੀ ਹੈ ਅਤੇ ਉਹ ਇਸ ਸਮੱਸਿਆ ਤੋਂ ਬਾਹਰ ਨਹੀਂ ਨਿਕਲ ਸਕਦੇ। ਉਨ੍ਹਾਂ ਜ਼ੋਰ ਦੇ ਕੇ ਕਿਹਾ ਕਿ ਇਨ੍ਹਾਂ ਲੋਕਾਂ ਨੂੰ ਸਜ਼ਾ ਨਹੀਂ ਸਗੋਂ ਸਹਾਨੁਭੂਤੀ, ਢੰਗ ਦਾ ਇਲਾਜ ਅਤੇ ਪੁਨਰਵਾਸ ਦੀ ਲੋੜ ਹੈ ਤਾਂ ਜੋ ਉਹ ਮੁੜ ਸਮਾਜ ਦੀ ਮੁੱਖ



ਧਾਰਾ ਨਾਲ ਜੁੜ ਸਕਣ। ਉਨ੍ਹਾਂ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰਹਿਣ ਅਤੇ ਸਿਹਤਮੰਦ ਜੀਵਨਸ਼ੈਲੀ ਅਪਨਾਉਣ ਦੀ ਅਪੀਲ ਵੀ ਕੀਤੀ। ਇਸ ਮੌਕੇ ਪ੍ਰੋਜੈਕਟ ਮੈਨੇਜਰ ਉਪੇਂਦਰ ਸਿੰਘ, ਪ੍ਰਵੇਸ਼, ਮਨੀਸ਼ਾ, ਡਾ: ਰਘੁਵੀਰ, ਤਰਸੇਮ ਲਾਲ ਸਮੇਤ ਹੋਰ ਮੈਂਬਰ ਵੀ ਮੌਜੂਦ ਰਹੇ ਅਤੇ ਪ੍ਰੋਗਰਾਮ ਨੂੰ ਸਫਲ ਬਣਾਇਆ, ਅੰਤ ਵਿੱਚ ਆਯੋਜਕਾਂ ਵੱਲੋਂ ਸਭ ਦਾ ਧੰਨਵਾਦ ਕਰਦੇ ਹੋਏ ਭਵਿੱਖ ਵਿੱਚ ਵੀ ਅਜਿਹੇ ਜਾਗਰੂਕਤਾ ਪ੍ਰੋਗਰਾਮ ਜਾਰੀ ਰੱਖਣ ਦਾ ਸੰਕਲਪ ਲਿਆ ਗਿਆ।

# ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ ਵੱਲੋਂ 11 ਅਪ੍ਰੈਲ ਨੂੰ ਮੁੱਖ ਮੰਤਰੀ ਦੀ ਰਿਹਾਇਸ਼ ਦੇ ਘਿਰਾਓ ਦਾ ਐਲਾਨ: ਡਾ ਢਿੱਲੋਂ

**ਨਵਾਂਸ਼ਹਿਰ 5 ਅਪ੍ਰੈਲ (ਜਤਿੰਦਰ ਪਾਲ ਸਿੰਘ ਕਲੇਰ** )ਮੈਡੀਕਲ ਪ੍ਰੈਕਟੀਸ਼ਨਰਜ਼ ਐਸੋਸੀਏਸ਼ਨ (ਰਜਿ295) ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੀ ਇੱਕ ਅਹਿਮ ਐਮਰਜੈਂਸੀ ਮੀਟਿੰਗ ਲਵਾਸਾ ਹਸਪਤਾਲ ਵਿਖੇ ਜ਼ਿਲ੍ਹਾ ਪ੍ਰਧਾਨ ਡਾ. ਕਸ਼ਮੀਰ ਸਿੰਘ ਢਿੱਲੋਂ ਦੀ ਪ੍ਰਧਾਨਗੀ ਹੇਠ ਹੋਈ। ਇਸ ਮੀਟਿੰਗ ਵਿੱਚ ਸੂਬਾ ਕਮੇਟੀ ਦੇ ਪ੍ਰਧਾਨ ਧੰਨਾ ਮੱਲ ਗੋਇਲ ਅਤੇ ਸੂਬਾਈ ਲੀਡਰਸ਼ਿਪ ਦੇ ਫੈਸਲੇ ਅਨੁਸਾਰ 11 ਅਪ੍ਰੈਲ ਨੂੰ ਸੰਗਰੂਰ ਵਿਖੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਰਿਹਾਇਸ਼ ਦਾ ਘਿਰਾਓ ਕਰਨ ਦੀ ਰਣਨੀਤੀ ਉਲੀਕੀ ਗਈ। ਮੀਟਿੰਗ ਨੂੰ ਸੰਬੋਧਨ ਕਰਦਿਆਂ ਡਾ. ਕਸ਼ਮੀਰ ਸਿੰਘ ਢਿੱਲੋਂ ਨੇ ਕਿਹਾ ਕਿ ਮੌਜੂਦਾ ਸਰਕਾਰ ਨੇ ਸੱਤਾ ਵਿੱਚ ਆਉਣ ਸਮੇਂ ਮੈਡੀਕਲ ਪ੍ਰੈਕਟੀਸ਼ਨਰਾਂ ਨਾਲ ਵਾਅਦਾ



ਕੀਤਾ ਸੀ ਕਿ ਕਾਨੂੰਨ ਵਿੱਚ ਸੋਧ ਕਰਕੇ ਜਾਂ ਨਵਾਂ ਕਾਨੂੰਨ ਬਣਾ ਕੇ ਉਨ੍ਹਾਂ ਨੂੰ ਕੰਮ ਕਰਨ ਦਾ ਰੈਗੂਲਰ ਅਧਿਕਾਰ ਦਿੱਤਾ ਜਾਵੇਗਾ। ਪਰ ਬੜੇ ਅਫਸੋਸ ਦੀ ਗੱਲ ਹੈ ਕਿ ਚਾਰ ਸਾਲ ਬੀਤ ਜਾਣ ਦੇ ਬਾਵਜੂਦ ਸਰਕਾਰ ਨੇ ਆਪਣਾ ਵਾਅਦਾ ਪੂਰਾ ਨਹੀਂ ਕੀਤਾ।ਸਰਕਾਰ ਦੀ ਇਸ ਕਥਿਤ ਵਾਅਦਾਖਿਲਾਫੀ ਦੇ ਰੋਸ ਵਜੋਂ ਐਸੋਸੀਏਸ਼ਨ ਨੇ ਫੈਸਲਾ ਕੀਤਾ ਹੈ ਕਿ ਪੰਜਾਬ ਭਰ ਦੇ ਮੈਡੀਕਲ ਪ੍ਰੈਕਟੀਸ਼ਨਰ ਇਕੱਠੇ ਹੋ ਕੇ ਆਪਣੀਆਂ ਮੰਗਾਂ ਲਈ ਸੰਗਰੂਰ ਵਿਖੇ ਵੱਡਾ ਰੋਸ ਪ੍ਰਦਰਸ਼ਨ ਕਰਨਗੇ। ਡਾ. ਢਿੱਲੋਂ ਨੇ ਜ਼ਿਲ੍ਹੇ ਦੇ ਸਮੂਹ ਪ੍ਰੈਕਟੀਸ਼ਨਰਾਂ ਨੂੰ ਅਪੀਲ ਕੀਤੀ ਕਿ ਉਹ 11 ਅਪ੍ਰੈਲ ਦਿਨ ਸ਼ਨੀਵਾਰ ਨੂੰ ਆਪਣੇ ਸਾਰੇ ਕੰਮ ਛੱਡ ਕੇ ਵੱਡੀ ਗਿਣਤੀ ਵਿੱਚ ਸੰਗਰੂਰ ਪਹੁੰਚਣ ਤਾਂ ਜੋ ਇਸ ਸੁੱਤੀ ਹੋਈ ਸਰਕਾਰ ਨੂੰ ਜਗਾਇਆ ਜਾ ਸਕੇ ਅਤੇ ਆਪਣੇ ਕਿੱਤੇ ਨੂੰ ਬਚਾਇਆ ਜਾ ਸਕੇ।ਇਸ ਮੌਕੇ ਜ਼ਿਲ੍ਹੇ ਦੇ ਪ੍ਰਮੁੱਖ ਮੈਂਬਰਾਂ ਵਿੱਚ ਡਾ: ਧਰਮਜੀਤ ਸਿੰਘ, ਡਾ: ਰਾਮ ਜੀ ਦਾਸ, ਡਾ: ਟੇਕਾ ਸੈਣੀ, ਡਾ: ਕੁਲਬੀਰ, ਡਾ: ਪਰਸ਼ੋਤਮ, ਡਾ: ਸੰਦੀਪ ਜੋਸ਼ੀ, ਡਾ: ਨਾਮਦੇਵ, ਡਾ: ਕਸ਼ਮੀਰ ਬੰਗਾ, ਡਾ: ਬਿਮਲ ਭਾਰਟਾ, ਡਾ: ਕੁਲਵਿੰਦਰ, ਡਾ: ਜਗਦੀਸ਼, ਡਾ: ਰਾਜੇਸ਼ ਅਤੇ ਡਾ: ਹਰਜਿੰਦਰ ਸਮੇਤ ਵੱਡੀ ਗਿਣਤੀ ਵਿੱਚ ਮੈਂਬਰ ਹਾਜ਼ਰ ਸਨ।

# ਰਾਏਕੋਟ ਵਿਖੇ ਮਦੀਨਾ ਮਸਜਿਦ ਦਾ ਨੀਂਹ ਪੱਥਰ ਰੱਖਿਆ; ਭਾਈਚਾਰਕ ਸਾਂਝ ਦਾ ਦਿੱਤਾ ਸੁਨੇਹਾ

**ਰਾਏਕੋਟ ( ਗੁਰਭਿੰਦਰ ਗੁਰੀ ):** ਰਾਏਕੋਟ-ਬੱਸੀਆਂ ਰੋਡ 'ਤੇ ਸਥਿਤ ਈਦਗਾਹ ਵਿਖੇ ਅੱਜ ਨਵੀਂ ਉਸਾਰੀ ਜਾਣ ਵਾਲੀ ਮਦੀਨਾ ਮਸਜਿਦ ਦਾ ਨੀਂਹ ਪੱਥਰ ਮੁਫ਼ਤੀ ਮੁਹੰਮਦ ਯੂਨਿਸ ਮਲੇਰਕੋਟਲਾ ਵੱਲੋਂ ਆਪਣੇ ਕਰ-ਕਮਲਾਂ ਨਾਲ ਰੱਖਿਆ ਗਿਆ।

ਇਸ ਸ਼ੁਭ ਮੌਕੇ 'ਤੇ ਇਲਾਕੇ ਦੀ ਭਾਈਚਾਰਕ ਸਾਂਝ ਦੀ ਮਿਸਾਲ ਦੇਖਣ ਨੂੰ ਮਿਲੀ, ਜਿੱਥੇ ਵੱਖ-ਵੱਖ ਧਰਮਾਂ ਦੇ ਲੋਕਾਂ ਨੇ ਬੜੇ ਉਤਸ਼ਾਹ ਨਾਲ ਸ਼ਮੂਲੀਅਤ ਕੀਤੀ।

ਸਮਾਗਮ ਵਿੱਚ ਰਾਏਕੋਟ ਦੇ ਵਿਧਾਇਕ ਹਾਕਮ ਸਿੰਘ ਠੇਕੇਦਾਰ ਨੇ ਮੁੱਖ ਮਹਿਮਾਨ ਵਜੋਂ ਸ਼ਿਰਕਤ ਕੀਤੀ। ਉਨ੍ਹਾਂ ਤੋਂ ਇਲਾਵਾ ਇਲਾਕੇ ਦੀਆਂ ਹੋਰ ਪ੍ਰਮੁੱਖ ਸ਼ਖ਼ਸੀਅਤਾਂ ਵੀ ਇਸ ਮੌਕੇ ਹਾਜ਼ਰ ਸਨ ਜਿਨ੍ਹਾ ਨੇ ਆਪਣੀ ਸਮਰੱਥਾ ਅਨੁਸਾਰ ਇਸ ਪਵਿੱਤਰ ਕਾਰਜ ਵਿੱਚ ਆਪਣਾ ਯੋਗਦਾਨ ਪਾਇਆ।

ਨੀਂਹ ਪੱਥਰ ਰੱਖਣ ਦੀ ਰਸਮ ਤੋਂ ਪਹਿਲਾਂ ਇਕੱਠ ਨੂੰ ਸੰਬੋਧਨ ਕਰਦਿਆਂ ਮੁਫ਼ਤੀ ਮੁਹੰਮਦ ਯੂਨਿਸ ਨੇ ਗੁਰਬਾਣੀ ਦੀ ਤੁਕ "ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥ ਏਕ ਨੂਰ ਤੇ ਸਭੁ ਜਗੁ ਉਪਜਿਆ ਕਉਣ ਭਲੇ ਕੋ ਮੰਦੇ ॥"



ਸਾਂਝੀ ਕਰਦਿਆਂ ਕਿਹਾ ਕਿ ਗੁਰੂ ਸਾਹਿਬ ਨੇ ਇਸ ਪਵਿੱਤਰ ਤੁਕ ਰਾਹੀਂ ਇਨਸਾਨੀਅਤ ਅਤੇ ਕੁਦਰਤ ਦੇ ਇੱਕ ਹੋਣ ਦਾ ਹੋਕਾ ਦਿੱਤਾ ਅਤੇ ਸਮੂਹ ਸੰਗਤ ਨੂੰ ਆਪਣੀ ਪੁਰਾਤਨ ਭਾਈਚਾਰਕ ਸਾਂਝ ਨੂੰ ਹਮੇਸ਼ਾ ਬਰਕਰਾਰ ਰੱਖਣ ਦੀ ਅਪੀਲ ਕੀਤੀ ਹੈ ਸੋ ਸਾਨੂੰ ਵੀ ਉਨ੍ਹਾ ਦਰਸਾਏ ਮਾਰਗ ਤੇ ਚੱਲਦਿਆਂ ਆਪਸੀ ਭਾਈਚਾਰਾ ਬਣਾਈ ਰੱਖਣਾ ਹੈ।ਇਸ ਮੌਕੇ ਵਿਧਾਇਕ ਹਾਕਮ ਸਿੰਘ ਠੇਕੇਦਾਰ ਨੇ ਸਮੂਹ ਮੁਸਲਿਮ ਭਾਈਚਾਰੇ ਨੂੰ ਨਵੀਂ ਬਣਨ ਵਾਲੀ ਮਸਜਿਦ ਲਈ ਮੁਬਾਰਕਬਾਦ ਦਿੱਤੀ। ਉਨ੍ਹਾਂ ਕਿਹਾ ਕਿ ਅਜਿਹੇ ਧਾਰਮਿਕ ਅਸਥਾਨ ਸਮਾਜ ਵਿੱਚ ਸ਼ਾਂਤੀ ਅਤੇ ਆਪਸੀ ਪਿਆਰ ਦਾ ਪ੍ਰਤੀਕ ਹੁੰਦੇ



ਹਨ। ਇਸ ਮੌਕੇ ਚੇਅਰਮੈਨ ਮਾਰਕਿਟ ਕਮੇਟੀ ਗੁਰਵਿੰਦਰ ਸਿੰਘ ਤੂਰ,ਯਸ਼ਪਾਲ ਜੈਨ (ਬਿੱਟੂ),ਅਜੈ ਮਿੱਢਾ,ਕਮਲ ਸੁਖਾਣਾ(PA), ਮਨਸਾ ਖਾਨ,ਕ੍ਰਿਸਚੀਅਨ ਭਾਈਚਾਰੇ ਵੱਲੋਂ ਪ੍ਰੋਫਿਟ ਅਵਤਾਰ ਸਿੰਘ,ਬਾਬਾ ਗੁਰਪ੍ਰੀਤ ਸਿੰਘ ਨਥੋਵਾਲ,EO ਮੁਹੰਮਦ ਆਯੂਬ(ਪੰਜਾਬ ਵਕਫ਼ ਬੋਰਡ ਲੁਧਿਆਣਾ),Ex .EO ਮੁਹੰਮਦ ਅਲੀ,ਹਾਜੀ ਮੁਹੰਮਦ ਸਾਬਰ,ਐਡਵੋਕੇਟ ਅਬਦੁਲ ਕਾਦਿਰ, ਪੱਪੂ ਪਹਿਲਵਾਨ,ਹਾਫਿਜ਼ ਮੁਹੰਮਦ ਮੁਰਸਲੀਨ ਬੱਸੀਆਂ,ਮੁਹੰਮਦ ਨਦੀਮ, ਮੁਹੰਮਦ ਇਕਬਾਲ,ਮੁਹੰਮਦ ਜਾਫਰ, ਮੁਹੰਮਦ ਹਸੀਬ, ਮੁਹੰਮਦ ਅਖ਼ਤਰ ਜੁਬੈਰੀ,ਆਰਕੀਟੈਕਟ ਹਰਪ੍ਰੀਤ ਸਿੰਘ,ਆਦਿ ਹਾਜ਼ਰ ਸਨ।

# ਅੱਖਾਂ ਦਾ ਮੁਫ਼ਤ ਚੈੱਕਅਪ ਕੈਂਪ ਲਗਾਇਆ 200 ਮਰੀਜ਼ਾਂ ਨੇ ਲਿਆ ਲਾਹਾ



**ਫਿਲੌਰ/ਅੱਪਰਾ 05ਅਪ੍ਰੈਲ (ਦੀਪਾ)– ਗੁ**ਰੂ ਗੋਬਿੰਦ ਸਿੰਘ ਹਸਪਤਾਲ ਪਿੰਡ ਦੁਸਾਂਝ ਕਲਾਂ ਵਿਖੇ ਖੂਨਦਾਨ ਕੈਂਪ ਅਤੇ ਅੱਖਾਂ ਦਾ ਵਿਸ਼ਾਲ ਚੈੱਕਅੱਪ ਤੇ ਦਿਲ ਦੀਆਂ ਬਿਮਾਰੀਆਂ ਦਾ ਮੁਫ਼ਤ ਚੈੱਕਅਪ ਕੈਂਪ ਗੁਰੂ ਗੋਬਿੰਦ ਸਿੰਘ ਵੈਲਫ਼ੇਅਰ ਸੁਸਾਇਟੀ, ਗ੍ਰਾਮ ਪੰਚਾਇਤ ਅਤੇ ਨਗਰ ਨਿਵਾਸੀਆਂ ਦੇ ਸਹਿਯੋਗ ਨਾਲ ਲਗਾਇਆ ਗਿਆ। ਇਸ ਕੈਂਪ ਸਬੰਧੀ ਜਾਣਕਾਰੀ ਦਿੰਦੇ ਹੋਏ ਸੁਸਾਇਟੀ ਦੇ ਪ੍ਰਧਾਨ ਜਥੇਦਾਰ ਸੁਖਜੀਤ ਸਿੰਘ ਜੌਹਲ ਨੇ ਦੱਸਿਆ ਕਿ ਸੁਨੀਤਾ ਧਾਮੀ ਸਹੋਤਾ ਦੇ ਸਹਿਯੋਗ ਨਾਲ ਪਿੰਡ ਦੁਸਾਂਝ ਕਲਾਂ ਦੇ ਗੁਰੂ ਗੋਬਿੰਦ ਸਿੰਘ ਹਸਪਤਾਲ ਵਿੱਚ ਲਗਾਇਆ ਗਿਆ, ਇਸ ਕੈਂਪ ਦੁਕਾਨ ਮੁੱਖ ਮਹਿਮਾਨ ਵਜੋਂ ਸੁਨੀਤਾ ਧਾਮੀ ਸਹੋਤਾ ਪਹੁੰਚ ਕੇ ਗੁਰੂ ਗੋਬਿੰਦ ਸਿੰਘ ਹਸਪਤਾਲ ਦੀ ਭਲਾਈ ਵਾਸਤੇ ਇੱਕ ਲੱਖ ਰੁਪਏ ਦੀ ਰਾਸ਼ੀ ਭੇਂਟ ਕੀਤੀ ਗਈ। ਜਿਸ 'ਚ ਅੱਖਾਂ ਦੇ ਮਾਹਿਰ ਡਾ. ਮਿਤਰਾਂ ਅੱਖਾਂ ਦਾ ਹਸਪਤਾਲ ਫਗਵਾੜਾ ਵੱਲੋਂ ਅੱਖਾਂ ਦੇ ਕੈਂਪ ਦੌਰਾਨ ਆਏ ਹੋਏ 100 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ ਅਤੇ ਹੋਰ ਬਿਮਾਰੀਆਂ ਦੇ 97 ਮਰੀਜ਼ਾਂ ਦਾ ਚੈੱਕਅਪ ਕੀਤਾ ਗਿਆ। ਇਸ ਕੈਂਪ ਦੁਕਾਨ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਮੁਫ਼ਤ ਦਿੱਤੀਆਂ ਜਾਣਗੀਆਂ। ਉਨ੍ਹਾਂ ਅੱਗੇ ਦੱਸਿਆ ਕਿ ਮਾਹਿਰ ਡਾਕਟਰਾਂ ਵੱਲੋਂ ਸ਼ੂਗਰ, ਐੱਚ. ਬੀ., ਯੂਰਿਕ ਐਸਿਡ ਟੈਸਟ ਮੁਫ਼ਤ ਕੀਤੇ ਗਏ। ਉਨ੍ਹਾਂ ਅੱਗੇ ਦੱਸਿਆ ਕਿ ਬਲੱਡ ਸੈਂਟਰ ਔਫ ਔਰਥੋਨੋਵਾ ਹਸਪਤਾਲ ਨਕੋਦਰ ਰੋਡ ਜਲੰਧਰ ਦੇ ਸਹਿਯੋਗ ਨਾਲ ਮਹਾਂ ਖੂਨਦਾਨ ਕੈਂਪ ਲਗਾਇਆ ਗਿਆ, ਜਿਸ ਨੌਜਵਾਨ ਵੱਲੋਂ 20 ਯੂਨਿਟ ਦਾਨ ਕੀਤੇ ਗਏ। ਇਸ ਖੂਨਦਾਨ ਕੈਂਪ ਦੁਕਾਨ ਸਰਪੰਚ ਨਿਰਮਲ ਕੁਮਾਰ ਨਵੀਂ ਨੇ 5ਵੀਂ ਵਾਰ ਖੂਨਦਾਨ ਕਰਕੇ ਕੈਂਪ ਦੀ ਸ਼ੁਰੂਆਤ ਕੀਤੀ, ਸਰਪੰਚ ਨੇ ਨੌਜਵਾਨਾਂ ਨੂੰ ਨਸ਼ਿਆਂ ਨੂੰ ਤਿਆਗ ਕੇ ਖੂਨਦਾਨ ਕਰਨ ਲਈ ਪ੍ਰੇਰਿਤ ਕੀਤਾ। ਇਸ ਕੈਂਪ ਦੌਰਾਨ ਸੁਨੀਤਾ ਧਾਮੀ ਸਹੋਤਾ ਨੂੰ ਹਸਪਤਾਲ ਦੇ ਲਈ ਦਿੱਤੇ ਸਹਿਯੋਗ ਲਈ ਤਹਿਦਿਲੋਂ ਧੰਨਵਾਦ ਕੀਤਾ ਅਤੇ ਸਿਰੋਪਾਉ ਭੇਂਟ ਕਰਕੇ ਅਤੇ ਸਨਮਾਨਿਤ ਚਿੰਨ੍ਹ ਸਨਮਾਨਿਤ ਕੀਤਾ ਗਿਆ। ਇਸ ਮੌਕੇ ਗੁਰੂ ਗੋਬਿੰਦ ਸਿੰਘ ਵੈਲਫ਼ੇਅਰ ਸੁਸਾਇਟੀ ਦੇ ਪ੍ਰਧਾਨ ਜਥੇਦਾਰ ਸੁਖਜੀਤ ਸਿੰਘ ਜੌਹਲ, ਸੀਨੀਅਰ ਮੀਤ ਪ੍ਰਧਾਨ ਬਲਵਿੰਦਰ ਸਿੰਘ, ਸੀਨੀਅਰ ਮੀਤ, ਸੀਨੀਅਰ ਮੀਤ ਪ੍ਰਧਾਨ ਗੁਰਬਖਸ਼ ਸਿੰਘ, , ਪ੍ਰਧਾਨ ਤੀਰਥ ਸਿੰਘ ਕੋਟ ਗਰੇਵਾਲ, ਜਰਨਲ ਸਕੱਤਰ ਤੀਰਥ ਸਿੰਘ ਅਨੀਹਰ, ਖ਼ਜ਼ਾਨਚੀ ਇੰਦਰਜੀਤ ਸਿੰਘ ਇੰਦਣਾਂ, ਸਰਪੰਚ ਨਿਰਮਲ ਕੁਮਾਰ ਨਵੀਂ, ਜੋਗਾ ਸਿੰਘ ਜੌਹਲ, ਗੁਰਜਿੰਦਰ ਸਿੰਘ ਇੰਦਣਾਂ ਰਾਮ ਨਾਥ ਦੁਸਾਂਝ, ਸ਼੍ਰੀਮਤੀ ਹਰਜਿੰਦਰ ਕੌਰ ਜੌਹਲ, ਸ਼੍ਰੀਮਤੀ ਨਰਿੰਦਰ ਕੌਰ, ਡਾ. ਜਸਵਿੰਦਰ ਚੀਮਾ, ਡਾ. ਨਰਿੰਦਰ ਸਿੰਘ, ਡਾ.ਸੁਖਵੀਰ ਸਿੰਘ ਆਦਿ ਹਾਜ਼ਰ ਸਨ।

# ਚਾਰ ਲੇਬਰ ਕੋਡਾਂ ਖ਼ਿਲਾਫ਼ ਕਾਲਾ ਦਿਵਸ ਮਨਾਉਂਦਿਆਂ ਮਜ਼ਦੂਰ-ਮੁਲਾਜ਼ਮਾਂ ਵੱਲੋਂ ਰੋਸ ਮੁਜ਼ਾਹਰਾ



**ਰਾਏਕੋਟ, ਅਪ੍ਰੈਲ ਗੁਰਭਿੰਦਰ ਗੁਰੀ**

ਅੱਜ ਇੱਥੇ ਆਲ ਇੰਡੀਆ ਟਰੇਡ ਯੂਨੀਅਨ ਕਾਂਗਰਸ ਦੇ ਸੱਦੇ 'ਤੇ ਚਾਰ ਲੇਬਰ ਕੋਡ ਰੱਦ ਕਰਾਉਣ ਦੀ ਮੰਗ ਸਬੰਧੀ ਇੱਕ ਰੋਸ ਮਾਰਚ ਸਰਦਾਰ ਹਰੀ ਸਿੰਘ ਨਲਵਾ ਚੌਂਕ ਤੋਂ ਲੈ ਕੇ ਤਲਵੰਡੀ ਗੇਟ ਤੱਕ ਕੀਤਾ ਗਿਆ। ਇਸ ਵਿੱਚ ਮੰਗ ਕੀਤੀ ਗਈ ਕਿ ਕੇਂਦਰ ਸਰਕਾਰ ਵੱਲੋਂ ਬਣਾਏ ਗਏ 4 ਲੇਬਰ ਕੋਡ, ਜਿਹੜੇ ਮਜ਼ਦੂਰ ਵਿਰੋਧੀ ਹਨ ਨੂੰ ਤੁਰੰਤ ਵਾਪਸ ਲਿਆ ਜਾਵੇ।

ਰੋਸ ਮਾਰਚ ਦੇ ਇੱਕਠ ਨੂੰ ਸੰਬੋਧਨ ਕਰਦਿਆਂ ਭਾਰਤੀ ਖੇਤ ਮਜ਼ਦੂਰ ਯੂਨੀਅਨ ਦੇ ਜਨਰਲ ਸਕੱਤਰ ਗੁਲਜ਼ਾਰ ਸਿੰਘ ਗੋਰੀਆ ਨੇ ਕਿਹਾ ਕਿ ਕੇਂਦਰ ਦੀ ਮੋਦੀ ਸਰਕਾਰ ਕਾਰਪੋਰੇਟ ਘਰਾਣਿਆਂ ਤੇ ਦੇਸੀ-ਵਿਦੇਸ਼ੀ ਸਰਮਾਏਦਾਰਾਂ ਨੂੰ ਖੁਸ਼ ਕਰਨ ਲਈ ਮਜ਼ਦੂਰਾਂ ਤੋਂ ਯੂਨੀਅਨ ਬਣਾਉਣ ਤੇ ਸੰਘਰਸ਼ ਕਰਨ ਵਰਗੇ ਜਮਹੂਰੀ ਹੱਕ ਖੋਹਣ ਲਈ ਮਜ਼ਦੂਰ ਪੱਖੀ 29 ਲੇਬਰ ਕਾਨੂੰਨਾਂ ਨੂੰ ਖ਼ਤਮ ਕਰ ਕੇ ਚਾਰ ਲੇਬਰ ਕੋਡ ਲੈ ਕੇ ਆਈ ਹੈ।

ਉਨ੍ਹਾਂ ਕਿਹਾ ਕਿ ਮੋਦੀ ਸਰਕਾਰ ਮਗਨਰੇਗਾ ਦੀ ਥਾਂ ਵਿਕਸਿਤ ਭਾਰਤ ਜੀ ਰਾਮ ਜੀ ਕਾਨੂੰਨ ਲੈ ਕੇ ਆਈ ਹੈ ਜਿਸ ਨਾਲ ਮਜ਼ਦੂਰਾਂ ਨੂੰ ਪਹਿਲਾਂ ਮਿਲਦਾ ਕੰਮ ਵੀ ਉਨ੍ਹਾਂ ਕੋਲੋਂ ਖੋਹਣ ਦੀਆਂ ਤਿਆਰੀਆਂ ਹਨ। ਉਹਨਾਂ ਕਿਹਾ ਕਿ ਮਿਹਨਤਕਸ਼ ਲੋਕ ਮੋਦੀ ਸਰਕਾਰ ਦੇ ਅਜਿਹੇ ਲੋਕ ਵਿਰੋਧੀ ਕਾਨੂੰਨਾਂ ਨੂੰ ਸਹਿਣ ਨਹੀਂ ਕਰਨਗੇ।

ਉਨ੍ਹਾਂ ਕਿਹਾ ਕਿ ਇਹ ਕੋਡ ਲਾਗੂ ਹੋਣ ਨਾਲ ਕੰਮ ਦਾ ਮਿਹਨਤਾਨਾ ਵਧਾਉਣ ਦੀ ਥਾਂ ਕੰਮ ਘੰਟੇ 8 ਤੋਂ 12 ਘੰਟੇ ਦੀ ਦਿਹਾੜੀ ਹੋਵੇਗੀ।ਇਨ੍ਹਾਂ ਕਾਨੂੰਨਾਂ ਦੇ ਲਾਗੂ ਹੋਣ ਨਾਲ ਮਜ਼ਦੂਰਾਂ, ਮੁਲਾਜ਼ਮਾਂ ਦੀ ਕੋਈ ਸੇਵਾ ਸੁਰੱਖਿਆ ਨਹੀਂ ਰਹੇਗੀ। ਉਨ੍ਹਾਂ ਨੂੰ ਜਦੋਂ ਮਰਜ਼ੀ ਨੌਕਰੀ 'ਚੋਂ ਕੱਢ ਸਕਿਆ ਜਾਏਗਾ। ਉਹ ਕੁੱਝ ਨਹੀਂ ਕਰ ਸਕਣਗੇ। ਇਨ੍ਹਾਂ ਲੇਬਰ ਕੋਡਾਂ ਦੇ ਲਾਗੂ ਹੋਣ ਨਾਲ ਸੇਵਾ ਮੁਕਤੀ ਤੋਂ ਬਾਅਦ ਮੁਲਾਜ਼ਮਾਂ, ਮਜ਼ਦੂਰਾਂ ਨੂੰ ਕੋਈ ਖ਼ਾਸ ਰਾਹਤ ਨਹੀਂ ਮਿਲੇਗੀ। ਜਿਸ ਨਾਲ ਉਹ ਆਪਣਾ ਬੁਢਾਪਾ ਚੰਗਾ ਜੀਅ ਸਕਣ। ਇਹ ਲੇਬਰ ਕੋਡ ਸਮੁੱਚੇ ਤੌਰ 'ਤੇ ਕਾਰਪੋਰੇਟ ਜਗਤ ਨੂੰ ਖ਼ੁਸ਼ ਕਰਨ ਲਈ ਬਣਾਏ ਗਏ ਹਨ ਤਾਂ ਕਿ ਉਨ੍ਹਾਂ ਦੀ ਦੌਲਤ ਮਣਾਂ-ਮੂੰਹੀਂ ਵਧਦੀ ਜਾਵੇ। ਇਨ੍ਹਾਂ ਲੇਬਰ ਕੋਡਾਂ ਦੇ ਬਣਨ ਨਾਲ ਹੁਣ ਬੇਰੁਜ਼ਗਾਰੀ ਹੋਰ ਵਧੇਗੀ ਤੇ ਸਾਡੇ ਦੇਸ਼ ਦਾ ਨੌਜਵਾਨ ਵਿਦੇਸ਼ਾਂ ਨੂੰ ਹੋਰ ਭੱਜੇਗਾ। ਇਸ ਮੌਕੇ ਆਗੂਆਂ ਮੰਗ ਕੀਤੀ ਕਿ ਇਹ ਚਾਰੇ ਲੇਬਰ ਕੋਡ ਰੱਦ ਕੀਤੇ ਜਾਣ ਤੇ ਕੰਮ ਦਿਹਾੜੀ ਸਮਾਂ 6 ਘੰਟੇ ਕੀਤਾ ਜਾਵੇ। ਘੱਟੋ-ਘੱਟ ਉਜਰਤ 30 ਹਜ਼ਾਰ ਰੁਪਏ ਮਿੱਥੀ ਜਾਵੇ, ਘੱਟੋ ਘੱਟ ਬੁਢਾਪਾ ਪੈਨਸ਼ਨ 10 ਹਜ਼ਾਰ ਰੁਪਏ ਕੀਤੀ ਜਾਵੇ, ਨੌਜਵਾਨਾਂ ਲਈ ਰੁਜ਼ਗਾਰ ਤੇ ਸਿੱਖਿਆ ਦੀ ਗਾਰੰਟੀ ਹੋਵੇ, ਹਰ ਇਕ ਲਈ ਸਿਹਤ ਸੇਵਾਵਾਂ ਮੁਫ਼ਤ ਹੋਣ। ਆਗੂਆਂ ਇਹ ਵੀ ਕਿਹਾ ਕਿ ਅੱਜ ਇਹ ਰੋਸ ਪ੍ਰਦਰਸ਼ਨ ਕੇਂਦਰੀ ਟਰੇਡ ਯੂਨੀਅਨ ਦੇ ਸਾਂਝੇ ਮੰਚ ਵੱਲੋਂ ਸਾਰੇ ਦੇਸ਼ 'ਚ ਕੀਤੇ ਜਾ ਰਹੇ ਹਨ।

ਇਸ ਮੌਕੇ ਹੋਹਨਾਂ ਤੋਂ ਇਲਾਵਾ ਕਾ: ਕਰਤਾਰ ਰਾਮ ਬਲਾਕ ਸਕੱਤਰ, ਚਮਕੌਰ ਸਿੰਘ ਜ਼ਿਲ੍ਹਾ ਸਕੱਤਰ, ਹੁਕਮ ਰਾਜ ਦੇਹੜਕਾ, ਅਵਤਾਰ ਸਿੰਘ, ਅਮਰ ਸਿੰਘ ਜਲਾਲਦੀਵਾਲ, ਕਿਸਾਨ ਆਗੂ ਗੁਰਮੇਲ ਸਿੰਘ ਰੂਮੀ ਨੇ ਵੀ ਸੰਬੋਧਨ ਕੀਤਾ।

# ਰਿਆਤ ਇੰਸਟੀਚਿਊਟ ਆਫ਼ ਫਾਰਮੇਸੀ ਨੇ ਐਲ ਟੀ ਐਸ ਯੂ ਕੈਂਪਸ ਵਿਖੇ ਤੀਜਾ ਖ਼ੂਨਦਾਨ ਕੈਂਪ ਆਯੋਜਿਤ ਕੀਤਾ

**ਨਵਾਂਸ਼ਹਿਰ /ਕਾਠਗੜ੍ਹ (ਜਤਿੰਦਰ ਪਾਲ ਸਿੰਘ ਕਲੇਰ )** ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ, ਪੰਜਾਬ ਦੇ ਅਧੀਨ ਪ੍ਰਮੁੱਖ ਸੰਸਥਾਵਾਂ ਰਿਆਤ ਇੰਸਟੀਚਿਊਟ ਆਫ਼ ਫਾਰਮੇਸੀ ਅਤੇ ਲੈਮਰਿਨ ਸਕੂਲ ਆਫ਼ ਫਾਰਮਾਸਿਊਟੀਕਲ ਸਾਇੰਸਿਜ਼ ਨੇ ਸੰਤ ਗੁਰਮੇਲ ਸਿੰਘ ਬਲੱਡ ਸੈਂਟਰ ਅਤੇ ਸੰਤ ਗੁਰਮੇਲ ਸਿੰਘ ਮੈਮੋਰੀਅਲ ਹਸਪਤਾਲ ਗੜ੍ਹੀ (ਬਲਾਚੌਰ) ਦੇ ਸਹਿਯੋਗ ਨਾਲ ਲੈਮਰਿਨ ਟੈਕ ਸਕਿੱਲਜ਼ ਯੂਨੀਵਰਸਿਟੀ ਕੈਂਪਸ ਵਿਖੇ ਆਪਣਾ ਤੀਜਾ ਖ਼ੂਨਦਾਨ ਕੈਂਪ ਸਫਲਤਾਪੂਰਵਕ ਆਯੋਜਿਤ ਕੀਤਾ। ਚਾਂਸਲਰ ਸ਼੍ਰੀ ਐਨ.ਐਸ. ਰਿਆਤ ਨੇ ਖ਼ੂਨਦਾਨ ਕੈਂਪ ਦਾ ਉਦਘਾਟਨ ਕੀਤਾ ਅਤੇ ਫਾਰਮੇਸੀ ਸੰਸਥਾਵਾਂ ਦੁਆਰਾ ਕੀਤੇ ਗਏ ਉਪਰਾਲਿਆਂ ਦੀ ਸ਼ਲਾਘਾ ਕੀਤੀ। ਉਨ੍ਹਾਂ ਕਿਹਾ ਕਿ ਖ਼ੂਨ ਦੀ ਇੱਕ ਬੂੰਦ ਕੀਮਤੀ ਜਾਨਾਂ ਬਚਾ ਸਕਦੀ ਹੈ। ਡਾ. ਐਨ.ਐਸ. ਗਿੱਲ ਦੇ ਕਾਰਜਕਾਰੀ ਡੀਨ ਨੇ ਕਿਹਾ ਕਿ ਕੈਂਪ ਨੂੰ ਵਿਦਿਆਰਥੀਆਂ, ਫੈਕਲਟੀ ਅਤੇ ਸਟਾਫ ਵੱਲੋਂ ਭਰਵਾਂ ਹੁੰਗਾਰਾ ਮਿਲਿਆ, ਜਿਸ ਦੇ ਨਤੀਜੇ ਵਜੋਂ ਕੁੱਲ 130 ਯੂਨਿਟ ਖ਼ੂਨ ਸਵੈ-ਇੱਛਾ ਨਾਲ ਇਕੱਠਾ ਹੋਇਆ। ਰਜਿਸਟਰਾਰ ਡਾ. ਬੀ.ਐਸ. ਸਤਿਆਲ ਐਲ.ਟੀ.ਐਸ.ਯੂ ਅਤੇ ਡਾ. ਅਮਿਤ ਸ਼ਰਮਾ ਡਿਪਟੀ ਡੀਨ ਲੈਮਰਿਨ ਸਕੂਲ ਆਫ਼ ਫਾਰਮਾਸਿਊਟੀਕਲ ਸਾਇੰਸਿਜ਼ ਨੇ ਕਿਹਾ ਕਿ ਇਹ ਖ਼ੂਨਦਾਨ ਯੂਨਿਟ ਸਥਾਨਕ ਸਿਹਤ ਸੰਭਾਲ ਜ਼ਰੂਰਤਾਂ ਅਤੇ ਲੋੜਵੰਦ ਵਿਅਕਤੀਆਂ ਨੂੰ ਕਾਫ਼ੀ ਹੁਲਾਰਾ ਦੇਣਗੇ। ਇਹ ਸੱਚਮੁੱਚ ਇੱਕ ਮਹਾਦਾਨ ਹੈ। ਪ੍ਰੋ. ਨਰਿੰਦਰ ਭੂੰਬਲਾ ਕੈਂਪ ਕੋਆਰਡੀਨੇਟਰ ਅਤੇ ਪੀ.ਆਰ.ਓ. ਨੇ ਸਵੈ-ਇੱਛਤ ਖ਼ੂਨਦਾਨ ਦੀ ਮਹੱਤਤਾ 'ਤੇ ਜ਼ੋਰ ਦਿੱਤਾ। ਉਨ੍ਹਾਂ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਅਜਿਹੇ ਉਪਰਾਲੇ ਨਾ ਸਿਰਫ਼ ਜਾਨਾਂ ਬਚਾਉਂਦੇ ਹਨ ਸਗੋਂ ਵਿਦਿਆਰਥੀਆਂ ਵਿੱਚ ਸਮਾਜਿਕ ਜ਼ਿੰਮੇਵਾਰੀ ਦੀ ਭਾਵਨਾ ਵੀ ਪੈਦਾ ਕਰਦੇ ਹਨ। ਖ਼ੂਨਦਾਨੀਆਂ ਨੂੰ ਸਰਟੀਫਿਕੇਟ ਅਤੇ ਤੋਹਫ਼ੇ ਦੇ ਕੇ ਸਨਮਾਨਿਤ ਕੀਤਾ ਗਿਆ। ਪ੍ਰੋ. ਅਮਨਪ੍ਰੀਤ ਕੌਰ ਮੁਖੀ ਨੇ ਕੈਂਪ ਨੂੰ ਸਫਲ ਬਣਾਉਣ ਲਈ ਅਣਥੱਕ ਯਤਨਾਂ ਨਾਲ ਸਹਿਯੋਗ ਦੇਣ ਵਾਲੇ ਸਾਰੇ ਦਾਨੀਆਂ, ਮੈਡੀਕਲ ਕੇਅਰ ਟੀਮ, ਬਲੱਡ ਬੈਂਕ ਟੀਮ ਅਤੇ ਕਾਲਜ ਅਧਿਕਾਰੀਆਂ ਦਾ ਧੰਨਵਾਦ ਕੀਤਾ। ਇਸ ਮੌਕੇ ਸ਼੍ਰੀ ਸ਼ਿਵ ਕੁਮਾਰ ਸਹਾਇਕ ਕੋਆਰਡੀਨੇਟਰ, ਰਾਜ ਕੁਮਾਰ ਸ਼ਰਮਾ ਮੁੱਖ ਲਾਇਬ੍ਰੇਰੀਅਨ, ਸੁਮਿਤ ਕੁਮਾਰ ਦਫ਼ਤਰ ਸੁਪਰਡੈਂਟ ਅਤੇ ਹੋਰ ਸੀਨੀਅਰ ਫੈਕਲਟੀ, ਸਟਾਫ਼ ਅਤੇ ਵਿਦਿਆਰਥੀ ਮੌਜੂਦ ਸਨ।



# ਮਨੁੱਖ ਦਾ ਹੰਕਾਰ ਸੱਭ ਕੁੱਝ ਇਕੱਠਾ ਕਰਨ ਦੀ ਕੋਸ਼ਿਸ਼ ਕਰਦਾ ਹੈ

ਸਾਡੀ ਹੋਂਦ ਦਾ ਸਮੁੱਚਾ ਤਾਣਾ-ਬਾਣਾ ਆਉਣ ਵਾਲੇ ਸਮੇਂ ਅਤੇ ਵਿਦਾਇਗੀ ਦੇ ਸਮੇਂ ਦੇ ਦੋ ਪੁੜ੍ਹਾਂ ਦੇ ਵਿੱਚਕਾਰ ਵਾਲਾ ਧੁਰਾ ਬਣਿਆ ਹੁੰਦਾ ਹੈ।ਇਹਨਾਂ ਦੇ ਵਿਚਕਾਰ ਜੋ ਵਾਪਰਦਾ ਹੈ ਸਿਫ਼ਰ ਤੋਂ ਲੈ ਕੇ ਸਿਰਫ਼ ਸਿਫ਼ਰ ਤੱਕ ਹੀ ਖਤਮ ਹੋ ਜਾਂਦਾ ਹੈ, ਇਹੀ ਸਿਰਫ਼ ਸਾਡੇ ਜੀਵਨ ਦੀ ਅਸਲੀਅਤ ਹੈ।ਜਦੋਂ ਚੇਤਨਾ ਇਸ ਸੱਚਾਈ ਨੂੰ ਅਪਣਾ ਲੈਂਦੀ ਹੈ ਤਾਂ ਉਸ ਤੋਂ ਬਾਅਦ ਜਾ ਕੇ ਸਮਝ ਆਉਂਦੀ ਹੈ ਕਿ ਏਥੇ ਕੁਝ ਵੀ ਲੈਣ-ਦੇਣ ਲਈ ਨਹੀ ਹੈ।ਉਸ ਤੋਂ ਬਾਅਦ ਸਾਡੇ ਮਨਾ ਅੰਦਰ ਬਹੁਤ ਸਾਰੀ ਨਿਡਰਤਾ ਪੈਦਾ ਹੋ ਜਾਦੀ ਹੈ,ਜਿੱਥੇ ਗੈਰਹਾਜ਼ਰੀ ਤਾਂ ਇਕ ਕੁਦਰਤੀ ਹੈ ਅਤੇ ਇਕ ਜਸ਼ਨ ਬਣ ਜਾਂਦੀ ਹੈ।ਇਹ ਕੋਈ ਸੰਸਾਰਿਕ ਖਾਲੀਪਨ ਨਹੀ ਹੈ ਸਗੋਂ ਇਕ ਲਗਾਓ ਦੇ ਮੋਹ ਤੋਂ ਪੈਦਾ ਹੋਈ ਇਕ ਅਮੀਰੀ ਹੈ।ਜਿਸ ਨੂੰ ਲੈ ਕੇ ਅਸੀ ਆਪਣੇ ਮਨਾ ਅੰਦਰ ਇਕ ਬਹੁਤ ਵੱਡਾ ਭਰਮ ਪੈਦਾ ਕਰੀ ਬੈਠੇ ਹਾਂ। ਉਹੀ ਨਿਰਾਸ਼ਾਜਨਕ ਸਥਿੱਤੀ ਹੈ ਜਿਸ ਨਾਲ ਅਸੀਂ ਇਸ ਸੰਸਾਰ ਦੀ ਦਹਿਲੀਜ਼ ‘ਤੇ ਕਦਮ ਰੱਖਦੇ ਹਾਂ,ਸਾਡੇ ਇਸ ਸੰਸਾਰ ਤੋਂ ਜਾਣ ਦਾ ਇੱਕ ਸਮੁੱਚਾ ਸੱਚ ਵੀ ਹੈ।ਮਨੁੱਖ ਦਾ ਹੰਕਾਰ ਉਸ ਨੂੰ ਇਕੱਠਾ ਕਰਨ ਦੀ ਕੋਸ਼ਿਸ਼ ਕਰਦਾ ਹੈ,ਪਰ ਆਤਮਾ ਹਮੇਸ਼ਾਂ ਹੀ ਤਿਆਗ ਵਿੱਚ ਸ਼ਾਂਤੀ ਚਾਹੁੰਦੀ ਹੈ।ਅਕਸਰ ਮਨੁੱਖ ਆਪਣੇ ਆਲੇ-ਦੁਆਲੇ ਦੀਵਾਰਾਂ ਦਾ ਮਾਇਆਜਾਲ ਬੁਣਦਾ ਹੈ,ਉਹ ਇੱਟਾਂ,ਪੱਥਰ,ਕਚਰਾ ਇਕੱਠਾ ਕਰਕੇ ਇਕ ਸੁਰੱਖਿਆ ਕਵਚ ਬਣਾਉਂਦਾ ਹੈ।ਜਿਸ ਨੂੰ ਉਹ ਕੁਝ ਹੋਰ ਹੀ ਸਮਝ ਬੈਠਦਾ ਹੈ।ਪਰ ਇਕਾਂਤ ਦੇ ਪਲਾਂ ਵਿੱਚ ਸੱਚ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਇਹ ਘਰ ਸਿਰਫ਼ ਸਰੀਰ ਨੂੰ ਹੀ ਰਹਿਣ ਦੀ ਇਜਾਜ਼ਤ ਦਿੰਦਾ ਹੈ,ਆਤਮਾ ਨੂੰ ਨਹੀ,ਕਿਉਕਿ ਸਰੀਰ ਤਾਂ ਖੁਦ ਇਕ ਅਸਥਾਈ ਡੇਰਾ ਹੈ।ਇਥੋਂ ਤੱਕ ਕਿ ਜੋ ਲੋਕ ਮਹਿਮਾ ਦੀਆਂ ਸੱਭ ਤੋਂ ਉਚੀਆਂ ਚੋਟੀਆਂ ‘ਤੇ ਰਹਿੰਦੇ ਹਨ ਉਹ ਅਕਸਰ ਇਕ ਭਿਆਨਕ ਇਕੱਲਤਾ ਦੇ ਪ੍ਰਛਾਵੇ ਹੇਠ ਰਹਿੰਦੇ ਹਨ।ਇਹ ਉਜਾੜ ਬਾਹਰ ਦਾ ਨਹੀ ਹੈ,ਸਗੋਂ ਤੁਹਾਡੇ ਅੰਦਰ ਵਾਲਾ ਮਾਰੂਥਲ ਵੀ ਹੈ।ਜਦੋਂ ਤੱਕ ਭਾਵਨਾਵਾਂ ਦਾ ਮਿੱਠਾ ਸੰਗੀਤ ਸਾਡੇ ਦਿਲਾਂ ਦੇ ਅੰਦਰ ਗੂੰਜ਼ਦਾ ਨਹੀ ਤਾਂ ਸੋਨੇ ਦੇ ਬਣੇ ਮਹਿਲ ਵੀ ਕਬਰਸਤਾਨ ਲੱਗਣ ਲੱਗਦੇ ਹਨ।ਵਿਅਕਤੀ ਦਾ ਅਸਲ ਘਰ ਉਹ ਨਹੀ ਹੈ ਜਿੱਥੇ ਉਹ ਸਰੀਰਕ ਤੌਰ ‘ਤੇ ਮੌਜੂਦ ਹੁੰਦਾ ਹੈ,ਅਸਲੀ ਘਰ ਉਹ ਹੈ ਜਿੱਥੇ ਉਨਾਂ ਦੇ ਮਨ ਨੂੰ ਆਰਾਮ ਸਕੂਨ ਮਿਲਦਾ ਹੈ।ਜਿਸ ਨੂੰ ਅਸੀ ਬਾਹਰੀ ਦੁਨੀਆਂ ਵਿੱਚ ਸਾਮਰਾਜੀ ਵਿਸਥਾਰ ਕਹਿੰਦੇ ਹਾਂ,ਉਹ ਅਕਸਰ ਸਾਡੀ ਅੰਦਰੂਨੀ ਤੰਗੀ ਨੂੰ ਛੁਪਾਉਣ ਦੀ ਇਕ ਵਿਅਰਥ ਕੋਸ਼ਿਸ਼ ਹੁੰਦੀ ਹੈ।ਉਚੀਆਂ ਇਮਾਰਤਾਂ ਦੇ ਪ੍ਰਛਾਵਿਆਂ ਵਿੱਚ,ਛੋਟੇ ਦਿਲ ਅਕਸਰ ਰੋਂਦੇ ਦੇਖੇ ਗਏ ਹਨ। ਇਸ ਦੁਨੀਆਂ ਦੇ ਰੰਗਮੰਚ ਤੇ ਜਿਸ ਨੂੰ ਪੈਸਾ ਕਿਹਾ ਜਾਂਦਾ ਹੈ,ਜਿਸ ਨੂੰ ਮੰਨਿਆ ਅਤੇ ਪੂਜਿਆ ਜਾਂਦਾ ਹੈ ਉਹ ਅਸਲ ਵਿੱਚ ਇੱਕ ਅਣਦਿੱਖ ਬੋਝ ਹੈ,ਜਿਸ ਨੂੰ ਅਸੀ ਸੁਰੱਖਿਆ ਦਾ ਨਾਮ ਦੇ ਕੇ ਚੁੱਕੀ ਫਿਰਦੇ ਹਾਂ।ਸੋਨੇ ‘ਤੇ ਚਾਂਦੀ ਦੀ ਚਮਕ ਸਿਰਫ਼ ਉਨਾਂ ਅੱਖਾਂ ਨੂੰ ਹੀ ਮੋਹਿਤ ਕਰਦੀ ਹੈ ਜੋ ਹਕੀਕਤ ਦੇ ਪ੍ਰਕਾਸ਼ ਤੋਂ ਅਣਜਾਣ ਹਨ।ਸੱਚੀ ਦੌਲਤ ਤਾਂ ਉਹ ਹੈ ਜੋ ਦਿਲ ਦੀ ਉਪਜਾਊ ਮਿੱਟੀ ਤੋਂ ਉਗਦੀ ਹੈ,ਉਹ ਨਿਰਸਵਾਰਥ ਪਿਆਰ ਜਿਸ ਨੂੰ ਕਿਸੇ ਵੀ ਸੌਦੇਬਾਜ਼ੀ ਦੀ ਲੋੜ ਨਹੀ ਹੁੰਦੀ।ਵਪਾਰ ਤਾਂ ਸਿਰਫ਼ ਚੀਜ਼ਾਂ ‘ਤੇ ਵਸਤੂਆਂ ਦੇ ਨਾਲ ਹੀ ਹੁੰਦਾ ਹੈ।ਰੂਹਾਂ ਦਾ ਆਦਾਨ ਪ੍ਰਦਾਨ ਸਿਰਫ਼ ਪਿਆਰ ਦੀ ਭਾਸ਼ਾਂ ਵਿੱਚ ਹੀ ਸੰਭਵ ਹੈ।ਜਿੱਥੇ ਹਰ ਰਿਸ਼ਤੇ ਨੂੰ ਲਾਭ ਦੀ ਖਾਤਰ ਨੁਕਸਾਨ ਦੀ ਤੱਕੜੀ ਵਿੱਚ ਤੋਲਿਆ ਜਾਂਦਾ ਹੈ,ਉਥੇ ਜੀਵਨ ਦੀ ਕੁਦਰਤੀ ਅਵਾਜ਼ ਚੁੱਪ ਹੋ ਜਾਦੀ ਹੈ।ਜੋ ਲੋਕ ਆਪਣੀ ਜਮੀਨ ਨਾਲ ਜੁੜ ਕੇ ਆਪਣੇ ਟੀਚੇ ਵਜੋਂ ਸਵੀਕਾਰ ਕਰਦੇ ਹਨ,ਉਹ ਇਕ ਅਜਿਹੇ ਸਖ਼ਸ਼ ਉਚੀਆਂ ਟੀਸੀਆਂ ਦਾ ਪਿੱਛਾ ਕਰਦੇ ਹਨ ਜੋ ਕਦੇ ਵੀ ਪੂਰਤੀ ਦੀ ਝਲਕ ਨਹੀ ਦਿੰਦਾ।ਉਲਟਾ ਇੱਕ ਜਾਗਦੇ ਮਨ ਲਈ,ਸਫ਼ਲਤਾ ਅਤੇ ਅਸਫਲਤਾ ਸਵੇਰ ਦੀ ਤ੍ਰੇਲ ਵਾਂਗ ਕੀਮਤੀ ਹਨ,ਜੋ ਸੂਰਜ ਦੀਆਂ ਪਹਿਲੀਆਂ ਕਿਰਨਾਂ ਦੇ ਛੂਹਣ ਨਾਲ ਹੀ ਕੁਝ ਵੀ ਨਹੀ ਰਹਿ ਜਾਂਦਾ।ਇਕੱਠਾ ਕਰਨ ਦੀ ਇਸ ਅੰਨ੍ਹੀ ਭਾਲ ਵਿੱਚ ਅਕਸਰ ਅਸੀ ਉਹੀ ਚੀਜ਼ ਗੁਆ ਦਿੰਦੇ ਹਾਂ ਜੋ ਅਸੀ ਪ੍ਰਾਪਤ ਕਰਨ ਲਈ ਬਹੁਤ ਕੁਝ ਇਕੱਠਾ ਕੀਤਾ ਹੁੰਦਾ ਹੈ। ਕੁਦਰਤ ਦੇ ਖੁੱਲੇ ਵਿਸਥਾਰ ਵਿੱਚ,ਬਿੰਨਾਂ ਕਿਸੇ ਨਕਲੀ ਛੱਤ ਜਾਂ ਸੁਰੱਖਿਆ ਦੇ,ਰਹਿਣ ਦੇ ਸਮੇਂ ਦੇ ਨਾਲ ਨਾਲ ਪੂਰੀ ਤਰਾਂ ਇੱਕ ਹੋ ਜਾਣਾ ਹੈ।ਜਦੋਂ ਕੋਈ ਵਿਅਕਤੀ ਆਪਣੀਆਂ ਹੱਦਾਂ ਵਿੱਚ ਆਪਣੇ ਆਪ ਨੂੰ ਲੀਨ ਕਰ ਲੈਂਦਾ ਹੈ,ਅਤੇ ਸਾਰਾ ਬ੍ਰਹਿਮੰਡ ਉਸ ਦਾ ਵਿਹੜਾ ਬਣ ਜਾਂਦਾ ਹੈ।ਸਜਾਵਟ ਦੇ ਕੰਢੇ,ਅਤੇ ਭਾਵਨਾਵਾਂ ਦੇ ਰਸਤੇ ਭਾਵੇਂ ਵੱਖਰੇ ਹੋਣ,ਪਰ ਉਹ ਇਕੋ ਧਾਰਾ ਦੇ ਸਿਰੇ ਹਨ।ਜਦ ਕਿ ਇਕ ਪਾਸਾ ਬਚਤ ਦੇ ਬਾਰੇ ਵਿੱਚ ਸੋਚਦਾ ਹੈ ਅਤੇ ਦੂਜਾ ਪਾਸਾ ਪਿਆਰ ਦੀ ਮਿਠਾਸ ਪੇਸ਼ ਕਰਦਾ ਹੈ।ਇੱਕ ਸੱਚਾ ਯਾਤਰੀ ਉਹ ਹੁੰਦਾ ਹੈ ਜੋ ਇਹ ਸੱਭ ਕੁਝ ਜਾਣਦਾ ਹੈ ਕਿ ਇੰਨਾਂ ਦੋ ਕਿਨਾਰਿਆਂ ਨੂੰ ਬਰਾਬਰ ਰੱਖਦੇ ਹੋਏ ਕਿਵੇ ਚੱਲਣਾ ਹੈ,ਉਸ ਤੇ ਅਸਮਾਨ ਤੋਂ ਡਿੱਗਦੀਆਂ ਬੁਛਾੜਾ ਦਾ ਕੋਈ ਅਸਰ ਨਹੀ ਹੁੰਦਾ।ਸਗੋਂ ਉਸ ਦੇ ਅੰਦਰ ਇਕ ਮਿਠਾਸ ਦਾ ਨਿੱਘ ਹੁੰਦਾ ਹੈ।ਉਹ ਆਪਣੀ ਸੁਰੱਖਿਆ ਲਈ ਸੱਭ ਤੋਂ ਹਲਕਾ ਮਹਿਸੂਸ ਕਰਦਾ ਹੈ,ਕਿਉਕਿ ਉਸ ਨੇ ਆਪਣੇ ਆਪ ਨੂੰ ਬਚਾਉਣ ਲਈ ਚਿੰਤਾਂ ਬਿਲਕੁਲ ਛੱਡ ਦਿੱਤੀ ਹੁੰਦੀ ਹੈ।ਅਸੁਰੱਖਿਆ ਦਾ ਡਰ ਉਦੋਂ ਤੱਕ ਹੀ ਰਹਿੰਦਾ ਹੈ ਜਦੋਂ ਤੱਕ ਕੁਝ ਗੁਆਉਣ ਦਾ ਡਰ ਹੁੰਦਾ ਹੈ।ਜਿਸ ਦੇ ਗੁਆਉਣ ਨਾਲ ਕੋਈ ਫ਼ਰਕ ਨਹੀ ਪੈਂਦਾ ਸਗੋਂ ਉਹ ਅੱਜ ਦਾ ਰਾਜਾ ਹੈ।

ਸਮਾਂ ਇਕ ਬੇਰਹਿਮ ਵਹਾਅ ਹੈ ਜੋ ਲਗਾਤਾਰ ਪਿੱਛਲੇ ਨੂੰ ਮਿੱਟਾ ਰਿਹਾ ਹੈ ਅਤੇ ਨਵਾ ਕੁਝ ਨਾ ਕੁਝ ਬਣਾਉਣਾ ਜਾਰੀ ਰੱਖਦਾ ਹੈ। ਏਥੇ ਕੁਝ ਵੀ ਅਨੁਕੂਲ ਨਹੀ ਹੈ ਮਤਲਬ ਕਿ ਨਾ ਹੀ ਸਾਨੂੰ ਕੋਈ ਫਾਇਦਾ ਹੈ ‘ਤੇ ਨਾ ਹੀ ਸਾਨੂੰ ਕੋਈ ਨੁਕਸਾਨ ਹੈ,ਜਿੰਨਾਂ ਨੇ ਆਪਣੇ ਸਮਿਆਂ ਵਿੱਚ ਦੇਖਿਆ ਹੈ ਉਹ ਲਾਭ ਅਤੇ ਨੁਕਸਾਨ ਦੀ ਚਿੰਤਾਂ ਵਿੱਚ ਘੁਲ-ਮਿਲ ਜਾਂਦੇ ਹਨ ਅਤੇ ਖਾਲੀ ਹੀ ਰਹਿੰਦੇ ਹਨ।ਪਰ ਜਿਸ ਨੇ ਸਮੇਂ ਦੀ ਨਜ਼ਾਕਤ ਨੂੰ ਪਛਾਣਿਆ ਹੈ ਉਨਾਂ ਲਈ ਜਿੰਦਗੀ ਦਾ ਹਰ ਪੜਾਅ ਚਾਹੇ ਉਤਰਾਅ ਹੈ ਜਾਂ ਚੜਾਈ ਹੈ ਸਿਰਫ ਇਕ ਖੇਡ ਹੈ।ਜਿਸ ਤਰਾਂ ਕਿ ਪਤਝੜ੍ਹ ਤੋਂ ਬਾਅਦ ਹਰਿਆਲੀ ਆਉਂਦੀ ਹੈ ਉਸੇ ਤਰਾਂ ਹੀ ਗੈਰਹਾਜ਼ਰੀ ਤੋਂ ਬਾਅਦ ਪ੍ਰਗਟਾਵੇ ਦੀ ਪ੍ਰਕਿਰਿਆ ਅਤੇ ਮੌਤ ਤੋ ਬਾਅਦ ਨਵੀ ਸਿਰਜਣਾ ਜਾਰੀ ਰਹਿੰਦੀ ਹੈ।ਸਿਰਫ਼ ਉਹੀ ਲੋਕ ਇਸ ਚੱਕਰ ਵਿੱਚ ਸ਼ਾਂਤ ਰਹਿ ਸਕਦੇ ਹਨ ਜੋ ਇਸ ਦੇ ਵਿਚਕਾਰ ਰਹਿ ਰਹੇ ਹਨ।

ਇਹ ਸਮੁੱਚੀ ਵਿਚਾਰਧਾਰਕ ਯਾਤਰਾ ਆਖਰੀ ਸਮੇਂ ਸਾਨੂੰ ਇੱਕ ਅਜਿਹੇ ਸਿਖਰ ‘ਤੇ ਲੈ ਜਾਂਦੀ ਹੈ ਜਿੱਥੇ ਦੁਨੀਆਂ ਦੀਆਂ ਬਹੁਤ ਸਾਰੀਆਂ ਗੁੰਝਲਦਾਰ ਗੰਢਾਂ ਬਿਲਕੁਲ ਸੌਖੀਆਂ ਅਤੇ ਮਾਮੂਲੀ ਜਾਪਦੀਆਂ ਹਨ।ਮਨੁੱਖ ਇਸ ਧਰਤੀ ‘ਤੇ ਇਕ ਮਹਿਮਾਨ ਤੋਂ ਵੱਧ ਕੁਝ ਨਹੀ ਹੈ ਅਤੇ ਇੱਕ ਸਿਆਣਾ ਮਹਿਮਾਨ ਕਦੇ ਵੀ ਆਪਣੇ ਆਪ ਨੂੰ ਸਰਾਏਂ ਦੇ ਬਰਾਬਰ ਨਹੀ ਜੋੜਦਾ।ਮਨੁੱਖ ਸਮੂਹ ਸੰਪਦੀਆਂ ਦੇ ਇਕੱਠ ਵਿੱਚ ਨਹੀ ਹੈ।ਸਗੋਂ ਇਸ ਵਿੱਚ ਹੈ ਕਿ ਵਿਦਾਈ ਦਾ ਪਲ ਕਿੰਨਾ ਆਰਾਮਦਾਇਕ ਅਤੇ ਆਜਾਦ ਹੈ।ਜਿਸ ਸਮੇਂ ਰਿਸ਼ਤੇ ਮੋਹ ਲਗਾਓ ਟੁੱਟ ਜਾਂਦੇ ਹਨ ਤਾਂ ਆਦਮੀ ਸਮੁੱਚੇਪਨ ਦੀ ਭਾਵਨਾ ਵਿੱਚ ਜਕੜਿਆ ਜਾਂਦਾ ਹੈ,ਉਸੇ ਪਲ ਹੀ ਸੱਚਮੁਚ ਉਹ ਬੇਫ਼ਿਕਰ ਹੋ ਜਾਂਦਾ ਹੈ।ਇਹ ਇਕ ਉਹ ਅਵਸਥਾ ਹੈ ਜਿੱਥੇ ਇਕ ਵਿਅਕਤੀ ਭੀੜ ਵਿੱਚ ਵੀ ਹੁੰਦੇ ਹੋਏ ਆਪਣੇ ਆਪ ਨੂੰ ਇਕ ਅਲੱਗ ਰੱਖ ਕੇ ਖੁਸ਼ ਰਹਿੰਦਾ ਹੈ,ਅਤੇ ਸਾਰਿਆਂ ਦੇ ਵਿੱਚ ਰਹਿ ਕੇ ਆਪਣੀ ਸੰਪੂਰਨਤਾ ਦਾ ਜਸ਼ਨ ਮਨਾਉਂਦਾ ਹੈ।ਬੇਸਹਾਰਾ ਹੋਣਾ ਕੋਈ ਗਰੀਬੀ ਨਹੀ ਹੈ ਸਗੋਂ ਉਸ ਅੰਤਮ ਮਹਿਮਾਂ ਦੀ ਪ੍ਰਾਪਤੀ ਹੈ ਜਿੱਥੇ ਆਪਣੀ ਇਛਾਵਾਂ ਸ਼ਾਂਤ ਹੁੰਦੀਆਂ ਹਨ ਅਤੇ ਸਿਰਫ਼ ਸ਼ੁਕਰਗੁਜ਼ਾਰੀ ਹੀ ਰਹਿੰਦੀ ਹੈ,ਇਹ ਜਿੰਦਗੀ ਦਾ ਅੰਤਮ ਸੱਚ ਅਤੇ ਅੰਤਮ ਜਸ਼ਨ ਹੈ।



ਅਮਰਜੀਤ ਚੰਦਰ ਲੁਧਿਆਣਾ

# ਜੇਹਾ ਮੈ ਜਾਣਿਆ,ਜਿੰਦਗੀ ਵਿੱਚ ਰੇਡੀਓ ਦੇ ਯੋਗਦਾਨ ਨੂੰ

ਮੇਰੇ ਬਚਪਨ ਸਮੇਂ, ਕਿਸੇ ਵਿਰਲੇ ਘਰ ਵਿੱਚ ਹੀ ਰੇਡੀਓ ਹੋਇਆ ਕਰਦਾ ਸੀ।ਮੇਰੇ ਪਿੰਡ,ਪੰਚਾਇਤ ਘਰ ਦੀ ਇੱਕ ਤਾਕੀ (ਖਿੜਕੀ) ਵਿੱਚ ਬਿਜਲੀ ਨਾਲ ਚੱਲਣ ਵਾਲਾ ਇੱਕ ਸਰਕਾਰੀ ਰੇਡੀਓ ਰੱਖਿਆ ਹੁੰਦਾ ਸੀ। ਜੋ ਹਰ ਰੋਜ਼,ਤ੍ਰਿਕਾਲਾਂ (ਸਾਂਮ ਦੇ ਸਮੇਂ ) ਨੂੰ ਪੰਜ ਵਜੇ ਚਾਲੂ ਕੀਤਾ ਜਾਂਦਾ ਸੀ। ਪਿੰਡ ਦੇ ਕਾਫ਼ੀ ਬਜ਼ੁਰਗ ਅਤੇ ਬੱਚੇ ਬਰਾਂਡੇ ਵਿੱਚ ਬਹਿ ਕੇ,ਖਬਰਾਂ,ਦਿਹਾਤੀ ਪ੍ਰੋਗਰਾਮ,( ਜੋ ਠੰਡੋ ਰਾਮ,ਭਾਈਆ ਜੀ ਅਤੇ ਮੁਨਸ਼ੀ ਜੀ ਵਲੋਂ ਕਿਸਾਨੀ ਨਾਲ ਸਬੰਧਿਤ ਪੇਂਡੂ ਪ੍ਰੋਗਰਾਮ ਸੀ।) ਅਤੇ ਗੀਤ ਆਦਿ ਸੁਣਿਆ ਕਰਦੇ ਸਨ। ਮੈਂ ਵੀ ਅਕਸਰ ਰੇਡੀਓ ਸੁਣਨ ਪੰਚਾਇਤ ਘਰ ਚਲੇ ਜਾਇਆ ਕਰਦਾ ਸੀ।ਦੇਰ ਨਾਲ ਘਰ ਮੁੜਨ ਕਾਰਣ ਕਈ ਵਾਰ ਘਰੋਂ ਗਾਲ੍ਹਾਂ ਵੀ ਸੁਣਨੀਆਂ ਪੈ ਜਾਂਦੀਆਂ ਸਨ।

ਇਹ ਉਹ ਸਮਾਂ ਸੀ ਜਦੋਂ ਨਾ ਤਾਂ ਪਿੰਡ ਵਿੱਚ ਕੋਈ ਅਖਵਾਰ ਨਹੀਂ ਪਹੁੰਚਦੀ ਸੀ ਤੇ ਨਾ ਹੀ ਪਿੰਡ ਵਿੱਚ ਕੋਈ ਅਖਵਾਰ ਪੜਨ ਦਾ ਸ਼ੌਕੀਨ ਹੁੰਦਾ ਸੀ।ਇਸ ਤਰ੍ਹਾਂ ਦੇਸ਼ ਵਿਦੇਸ਼ ਵਿੱਚ ਵਾਪਰ ਰਹੀਆਂ ਘਟਨਾਵਾਂ ਬਾਰੇ ਜਾਨਣ ਲਈ ਅਤੇ ਮਨੋਰੰਜਨ ਲਈ ਇੱਕੋ ਇੱਕ ਸਾਧਨ ਰੇਡੀਓ ਹੀ ਹੋਇਆ ਕਰਦਾ ਸੀ।ਸਰਕਾਰ ਵਲੋਂ ਬਿਜਲੀ ਨਾਲ ਚੱਲਣ ਵਾਲੇ ਬੜੇ ਰੇਡੀਓ 'ਤੇ ਪੰਦਰ੍ਹਾਂ ਰੁਪਏ ਅਤੇ ਟਰਾਂਜਿਸਟਰ ਤੇ ਸਾਢੇ ਸੱਤ ਰੁਪਏ ਸਾਲਾਨਾ ਲਾਇਸੈਂਸ ਫੀਸ ਵਸੂਲੀ ਜਾਂਦੀ ਸੀ ਜੋ 1985 ਚ ਸਮਾਪਤ ਕੀਤੀ ਗਈ ਸੀ।

ਮੈਨੂੰ ਅੱਜ ਵੀ ਯਾਦ ਹੈ ਕਿ ਮੈਂ ਪੰਜਵੀਂ ਕਲਾਸ ਵਿੱਚ ਸੀ ਜਦੋਂ ਫ਼ਿਜ਼ੀ ਤੋਂ ਛੁੱਟੀ ਆਇਆ ਮੇਰਾ ਚਾਚਾ, ਬੈਟਰੀ ਨਾਲ ਚੱਲਣ ਵਾਲਾ ਟਰਾਂਜਿਸਟਰ ਰੇਡੀਓ ਲੈਕੇ ਆਇਆ ਸੀ।ਪਰ ਵਾਪਸ ਫ਼ਿਜ਼ੀ ਮੁੜਨ ਤੋਂ ਪਹਿਲਾਂ, ਚਾਚਾ ਉਹ ਟਰਾਂਜਿਸਟਰ ਵੇਚ ਕੇ ਬਿਜਲੀ ਨਾਲ ਚੱਲਣ ਵਾਲਾ ਇੱਕ ਬੜਾ ਸਾਰਾ ਰੇਡੀਓ ਘਰ ਰੱਖ ਗਿਆ ਸੀ।ਉਸ ਸਮੇਂ,ਬੇਸ਼ਕ ਹਰ ਰੇਡੀਓ ਸਟੇਸ਼ਨ ਤੋਂ ਖਬਰਾਂ ਨਸ਼ਰ ਕੀਤੀਆਂ ਜਾਂਦੀਆਂ ਸਨ,ਪਰ ਸੱਭ ਤੋਂ ਭਰੋਸੇਯੋਗ ਬੀ ਬੀ ਸੀ ਦੀਆਂ ਖਬਰਾਂ ਨੂੰ ਮੰਨਿਆ ਜਾਂਦਾ ਸੀ।ਅਸੀਂ ਆਪਣੇ ਜਾਣ ਪਹਿਚਾਣ ਵਾਲਿਆਂ ਨੂੰ ਬੀ ਬੀ ਸੀ ਸੁਣਨ ਦੀ ਸਲਾਹ ਦਿਆ ਕਰਦੇ ਸੀ।ਬੇਸ਼ਕ ਗੀਤ ਸੁਣਨ ਲਈ ਵਵਿਧ ਭਾਰਤੀ ਸਟੇਸ਼ਨ ਬਹੁਤ ਮਸ਼ਹੂਰ ਸੀ ਪਰ ਨਵੇਂ ਨਵੇਂ ਗੀਤ ਸੁਣ ਲਈ ਹਰ ਕੋਈ ਰੇਡੀਓ ਸਿਲੋਨ ਹੀ ਸੁਣਿਆ ਕਰਦਾ ਸੀ। ਹਾਕੀ,ਕ੍ਰਿਕਟ ਅਤੇ ਵਿਸ਼ਵ ਪੱਧਰੀ ਹੋਰ ਸਾਰੇ ਟੂਰਨਾਮੈਂਟਾਂ ਦਾ ਨਜ਼ਾਰਾ ਰੇਡੀਓ 'ਤੇ ਕੁਮੈਂਟਰੀ ਸੁਣ ਕੇ ਹੀ ਲਿਆ ਕਰਦਾ ਸੀ।ਸੱਚ ਜਾਣਿਓ ਕਿਸੇ ਮੈਚ ਦਾ,ਜਿੰਨਾ ਮਜ਼ਾ ਰੇਡੀਓ 'ਤੇ ਕੁਮੈਂਟਰੀ ਸੁਣ ਕੇ ਆਇਆ ਕਰਦਾ ਸੀ ਅੱਜ ਟੈਲੀਵਿਜ਼ਨ ਉੱਤੇ ਲਾਇਵ ਦੇਖ ਕੇ ਨਹੀਂ ਆਂਉਦਾ।ਫ਼ੇਰ ਜਦੋਂ 1976-77 ਵਿੱਚ ਲੋਕ ਅਰਬ ਦੇਸਾਂ ( ਮਸਕਟ,ਦੁਬਈ ) ਚ ਗਏ ਤਾਂ ਘਰ ਘਰ ਰੇਡੀਓ ਹੋ ਗਏ।

1974-75 ਵਿੱਚ ਪੰਜਾਬ ਸਰਕਾਰ ਵਲੋਂ,ਕਿਸਾਨਾਂ ਨੂੰ ਨਵੇਂ ਬੀਜਾਂ,ਅਤੇ ਨਦੀਨ ਨਾਸ਼ਕਾਂ ਅਤੇ ਖੇਤੀ ਸਬੰਧੀ ਹੋਰ ਜਾਣਕਾਰੀ ਮੁਹੱਈਆ ਕਰਨ ਹਿੱਤ, ਪਿੰਡਾਂ ਵਿੱਚ ਕਿਸਾਨ ਚਰਚਾ ਮੰਡਲ (ਗਰੁੱਪ) ਦਾ ਗਠਨ ਕਰ ਕੇ,ਹਰ ਪਿੰਡ ਵਿੱਚ ਹੋਰ ਸਮਾਨ ਦੇ ਨਾਲ ਨਾਲ ਇੱਕ ਇੱਕ ਟਰਾਂਜਿਸਟਰ ਰੇਡੀਓ ਵੀ ਦਿੱਤਾ ਗਿਆ ਸੀ।ਜਿਸ ਵਿੱਚ ਚਰਚਾ ਮੰਡਲ ਦੇ ਮੈਬਰਾਂ ਨੂੰ,ਹਰ ਰੋਜ਼ ਸਾਂਮ ਸੱਤ ਵਜੇ ਜਲੰਧਰ ਰੇਡੀਓ ਸਟੇਸ਼ਨ ਤੋਂ ਨਸ਼ਰ ਹੋਣ ਵਾਲੇ,ਕਿਸਾਨੀ ਨਾਲ ਸੰਬੰਧਿਤ ਦਿਹਾਤੀ ਪ੍ਰੋਗਰਾਮ ਇਕੱਠੇ ਬਹਿ ਕੇ ਸੁਣਨ,ਚਰਚਾ ਕਰਨ ਅਤੇ ਇਸ ਦੀ ਰਿਪੋਰਟ ਕਾਰਵਾਈ ਰਜਿਸਟਰ ਵਿੱਚ ਦਰਜ ਕਰਨੀ ਹੁੰਦੀ ਸੀ। ਸਾਡੇ ਪਿੰਡ ਵਿੱਚ ਬਣੇ,ਕਿਸਾਨ ਚਰਚਾ ਮੰਡਲ ਦਾ,ਥੋੜੇ ਸਮੇਂ ਲਈ ਮੈਂ ਵੀ ਕਨਵੀਨਰ ਚੁਣਿਆ ਗਿਆ ਸੀ। ਮੇਰੇ ਤੋਂ ਪਹਿਲਾਂ ਬਣੇ ਦੋ ਕਨਵੀਨਰਾਂ ਦੀ ਤਰ੍ਹਾਂ,ਅੱਠ ਦਸ ਮਹੀਨਿਆਂ ਬਾਅਦ ਮੈਂ ਵੀ ਵਿਦੇਸ਼ ਚਲਾ ਗਿਆ ਸੀ।ਕਈ ਵਾਰ ਜਦੋਂ ਅਸੀਂ ਸਾਰੇ ਇਕੱਠੇ ਹੁੰਦੇ ਹਾਂ ਅਕਸਰ ਇਹ ਗੱਲ ਜਰੂਰ ਕਰਦੇ ਹਾਂ ਕਿ ਸਾਡੇ ਪਿੰਡ ਵਿੱਚ, ਜੋ ਵੀ ਕਿਸਾਨ ਚਰਚਾ ਮੰਡਲ ਦਾ ਕਨਵੀਨਰ ਬਣਿਆ ਉਹ ਵਿਦੇਸ਼ ਚਲਾ ਗਿਆ।ਮੈਂ ਇੰਨਾ ਹੀ ਕਹਾਂਗਾ ਕਿ ਟੈਲੀਵਿਜ਼ਨ ਤੋਂ ਪਹਿਲਾਂ,ਰੇਡੀਓ ਹਰ ਕਿਸੇ ਦੀ ਜਿੰਦਗੀ ਦਾ ਇੱਕ ਅਹਿਮ ਹਿੱਸਾ ਸੀ।ਅਤੇ ਉਸ ਸਮੇਂ ਰੇਡੀਓ ਸਮਾਜਿਕ ਰੁਤਬੇ ਦੀ ਪ੍ਰਤੀਕ ਹੋਇਆ ਕਰਦਾ ਸੀ।



ਗੁਰਦੀਪ ਸਿੰਘ ਮੁਕੱਦਮ
ਪਿੰਡ ਲਧਾਣਾ ਝਿੱਕਾ
9878160133

# ਕੀ ਅਸੀਂ ਰੀਲਾਂ ਵਿੱਚ ਉ.ਲਝ ਗਏ ਹਾਂ...?

ਕਦੇ ਜ਼ਮਾਨਾ ਹੁੰਦਾ ਸੀ ਕਿ ਹਰ ਘਰ ਦੀਆਂ ਔਰਤਾਂ, ਘਰੇ ਹੀ ਸਿਲਾਈ ਮਸ਼ੀਨ ਤੇ ਕੁਝ ਨਾ ਕੁਝ ਸਿਊਣ ਲਈ ਬਜ਼ਾਰੋਂ ਕੱਪੜੇ ਦੇ ਰੰਗ ਨਾਲ ਦੀਆਂ ਰੀਲਾਂ ਖ਼ਰੀਦ ਕੇ ਲਿਆਉਂਦੀਆਂ ਸਨ। ਜੇ ਕਿਤੇ ਓਹਨੂੰ ਕੱਪੜੇ ਦੇ ਰੰਗ ਨਾਲ ਦੀ ਰੀਲ ਨਾ ਮਿਲਦੀ ਤਾਂ ਓਹ ਆਪਣੀ ਕਿਸੇ ਸਖ਼ੀ ਸਹੇਲੀ ਜਾਂ ਗੁਆਂਢਣ ਤੋਂ ਪੁੱਛਦੀ। ਗੱਲ ਕੀ ਪੁਰਾਤਨ ਔਰਤਾਂ ਘਰ ਦੇ ਕੰਮਾਂ ਕਾਰਾਂ ਤੋਂ ਵਿਹਲੀਆਂ ਹੋ ਕੇ ਘਰ ਵਿੱਚ ਸਲਾਈ ਕਢਾਈ ਕਰਨ ਲਈ ਰੰਗ ਬਿਰੰਗੀਆਂ ਰੀਲਾਂ ਵਿੱਚ ਉਲਝੀਆਂ ਦਿਸਦੀਆਂ ਸਨ। ਕਦੇ ਕਿਸੇ ਬੱਚੇ ਦੇ ਫਟੇ ਕੱਪੜੇ ਨੂੰ ਸਿਊਣਾ ਜਾਂ ਨਵਾਂ ਸੂਟ ਸਿਊਣਾ ਜਾਂ ਘਰ ਦੇ ਬਾਕੀ ਜੀਆਂ ਦੇ ਕੱਪੜੇ ਸਿਊਣੇ ਹੁੰਦੇ ਤਾਂ ਉਹ ਬਜ਼ਾਰੋਂ ਕੱਪੜੇ ਦੀ ਲੀਰ ਦੇ ਕੇ ਉਸ ਰੰਗ ਦੀਆਂ ਰੀਲਾਂ ਮੰਗਵਾਉਂਦੀਆਂ ਹੁੰਦੀਆਂ ਸਨ। ਸਾਰੇ ਲੋਕ ਉਹਨਾਂ ਰੀਲਾਂ ਵਿੱਚ ਉਲਝੀ ਔਰਤ ਨੂੰ ਸੁਘੜ ਸਿਆਣੀ ਔਰਤ ਮੰਨਦੇ ਸਨ। ਜ਼ਮਾਨੇ ਦੇ ਹਿਸਾਬ ਨਾਲ ਬੱਸ ਫ਼ਰਕ ਏਨਾ ਕੁ ਹੀ ਪਿਆ ਹੈ ਕਿ ਅੱਜ ਦੀ ਔਰਤ ਬੇਢੰਗੇ ਕੱਪੜੇ ਪਾ ਕੇ, ਸੜਕਾਂ ਤੇ ਗੱਡੀਆਂ ਚਲਾ ਕੇ, ਸੜਕਾਂ ਵਿਚਕਾਰ ਵੱਡੀਆਂ ਵੱਡੀਆਂ ਕਾਰਾਂ ਖੜ੍ਹੀਆਂ ਕਰਕੇ ਰੀਲਾਂ ਬਣਾਉਣ ਵਾਲੀ ਬਣ ਗਈ ਹੈ। ਗੱਲ ਇਕੱਲੀਆਂ ਔਰਤਾਂ ਦੀ ਹੀ ਨਹੀਂ,ਅੱਜ ਹਰ ਵਿਅਕਤੀ ਰੀਲਾਂ ਵਿੱਚ ਉਲਝਿਆ ਪਿਆ ਹੈ। ਕਿਤੇ ਸਾਡੇ ਵੱਡੇ ਵਡੇਰੇ ਅੱਜ ਧਰਤੀ ਤੇ ਆ ਕੇ ਇਸ ਦੁਨੀਆਂ ਦਾ ਨਜ਼ਾਰਾ ਵੇਖਣ ਤਾਂ ਉਹਨਾਂ ਨੂੰ ਕੋਈ ਵਿਅਕਤੀ ਵਿਹਲਾ ਨਜ਼ਰ ਨਹੀਂ ਆਏਗਾ ਤੇ ਨਾ ਹੀ ਕੋਈ ਬਹੁਤਾ ਕੰਮ ਕਰਦਾ ਨਜ਼ਰ ਆਏਗਾ। ਅੱਜ ਦੇ ਦੌਰ ਵਿੱਚ ਕਿਤੇ ਵੀ ਚਲੇ ਜਾਓ,ਚਾਹੇ ਹਸਪਤਾਲ,ਰੇਲਵੇ ਸਟੇਸ਼ਨ,ਬੱਸ ਅੱਡੇ, ਸੱਥਾਂ ਵਿੱਚ, ਘਰਾਂ ਵਿੱਚ, ਬੱਚਿਆਂ ਦੇ ਕਮਰੇ ਵਿੱਚ, ਰੋਟੀ ਖਾਂਦੇ ਹੋਏ ,ਸੌਣ ਲੱਗੇ, ਗੁਆਂਢੀਆਂ ਦੇ ਘਰੇ, ਗਲ਼ੀ ਵਿੱਚ ਬੈਠੀਆਂ ਚਾਰ ਔਰਤਾਂ ਕੋਲ, ਬੱਸਾਂ ਵਿੱਚ ਬੈਠੇ, ਰੇਲਾਂ ਵਿੱਚ ਸਫ਼ਰ ਕਰਦੇ, ਕੰਮ ਕਾਜੀ ਥਾਵਾਂ ਤੇ,ਭਾਵ ਕਿ ਹਰ ਜਗ੍ਹਾ ਤੁਹਾਨੂੰ ਲੋਕ ਮੋਬਾਈਲ ਤੇ ਰੁੱਝੇ ਨਜ਼ਰ ਆਉਣਗੇ। ਟੱਚ ਸਕਰੀਨ ਵਾਲੇ ਸਮਾਰਟ ਫੋਨਾਂ ਤੇ ਨੰਨ੍ਹੀਆਂ ਉਂਗਲਾਂ ਤੋਂ ਲੈਕੇ ਝੁਰੜੀਆਂ ਵਾਲੀਆਂ ਉਂਗਲਾਂ ਫ਼ੋਨ ਤੇ ਅੱਖਾਂ ਗੱਡੀ ਬੈਠੇ ਕੁਛ ਅੱਗੇ ਨੂੰ ਵਧਾਉਂਦੇ (ਸਕਰੋਲ ਕਰਦੇ) ਨਜ਼ਰ ਆਉਣਗੇ। ਹਰ ਕੋਈ ਆਪਣੇ ਆਪਣੇ ਮਨਪਸੰਦ ਦੇ ਕੰਟੈਂਟ ਦੀਆਂ ਰੀਲਾਂ ਖੋਲ੍ਹ ਕੇ ਮੋਬਾਈਲ ਤੇ ਐਨੀ ਨੀਝ ਲਾ ਕੇ ਬੈਠਾ ਨਜ਼ਰ ਆਉਂਦਾ ਹੈ ਕਿ ਕਈ ਵਾਰ ਤਾਂ ਉਸ ਨੂੰ ਆਪਣੇ ਆਲ਼ੇ ਦੁਆਲੇ ਦਾ ਵੀ ਧਿਆਨ ਨਹੀਂ ਰਹਿੰਦਾ ਕਿ ਉਹ ਸੋਗ ਕਰਨ ਵਾਲ਼ੀ ਜਗ੍ਹਾ ਤੇ ਫ਼ੋਨ ਵੇਖਦਾ ਵੇਖਦਾ ਹੱਸ ਪੈਂਦਾ ਹੈ, ਨੱਚਣ ਗਾਉਣ ਵਾਲ਼ੀ ਜਗ੍ਹਾ ਤੇ ਬੈਠਾ ਰੀਲ ਦੇਖਦਾ ਦੇਖਦਾ ਭਾਵੁਕ ਹੋ ਜਾਂਦਾ ਹੈ, ਘਰਵਾਲੇ ਤੇ ਘਰਵਾਲ਼ੀ ਦਾ ਆਪਸੀ ਝਗੜਾ ਇੱਕ ਦੂਜੇ ਨੂੰ ਰੀਲਾਂ ਭੇਜ ਭੇਜ ਕੇ ਇੱਕ ਦੂਜੇ ਨੂੰ ਗ਼ਲਤ ਠਹਿਰਾਉਣ ਦਾ ਸਭ ਤੋਂ ਉੱਤਮ ਸਾਧਨ ਬਣ ਜਾਂਦਾ ਹੈ। ਅਸਲ ਵਿੱਚ ਰੀਲ ਕੀ ਹੁੰਦੀ ਹੈ? ਇਸ ਬਾਰੇ ਜਾਣਨਾ ਵੀ ਜ਼ਰੂਰੀ ਹੈ। ਰੀਲ ਇੱਕ ਕਿਸਮ ਦਾ ਵੀਡੀਓ ਕੰਟੈਂਟ ਹੈ ਜੋ ਸੋਸ਼ਲ ਮੀਡੀਆ ਪਲੇਟਫਾਰਮਾਂ 'ਤੇ ਸਾਂਝਾ ਕੀਤਾ ਜਾਂਦਾ ਹੈ, ਖ਼ਾਸਕਰ ਇੰਸਟਾਗ੍ਰਾਮ ਅਤੇ ਫ਼ੈਸਬੁੱਕ ਅਤੇ ਯੂ ਟਿਊਬ ਆਦਿ ਤੇ। ਇਹ ਆਦਤਨ 15 ਸੈਕੰਡ ਤੋਂ 90 ਸੈਕੰਡ ਤੱਕ ਦਾ ਹੁੰਦਾ ਹੈ ਅਤੇ ਇਸ ਵਿੱਚ ਮਜ਼ੇਦਾਰ, ਰਚਨਾਤਮਕ, ਜਾਂ ਜਾਣਕਾਰੀ ਭਰਪੂਰ ਕੰਟੈਂਟ ਹੁੰਦਾ ਹੈ। ਰੀਲਾਂ ਵਿੱਚ ਆਮ ਤੌਰ ਤੇ ਮਿਊਜ਼ਿਕ,ਇਫ਼ੈਕਟਸ, ਅਤੇ ਟੈਕਸਟ ਹੁੰਦੇ ਹਨ, ਜੋ ਇਸ ਨੂੰ ਹੋਰ ਦਿਲਚਸਪ ਅਤੇ




ਦਿਲਕਸ਼ ਬਣਾਉਂਦੇ ਹਨ। ਲੋਕ ਰੀਲਾਂ ਦੀ ਵਰਤੋਂ



**ਬਰਜਿੰਦਰ ਕੌਰ ਬਿਸਰਾਓ...**
**9988901324**

ਆਪਣੀ ਕ੍ਰੀਏਟਿਵਿਟੀ ਦਿਖਾਉਣ, ਮਜ਼ਾਕ ਕਰਨ, ਜਾਂ ਕਿਸੇ ਵਿਸ਼ੇ ਬਾਰੇ ਜਾਣਕਾਰੀ ਸਾਂਝੀ ਕਰਨ ਲਈ ਕਰਦੇ ਹਨ। ਇਸ ਨਾਲ ਲੋਕਾਂ ਦਾ ਮਨੋਰੰਜਨ ਵੀ ਹੋ ਜਾਂਦਾ ਹੈ ਤੇ ਕਈ ਕਈ ਰੀਲਾਂ ਵੇਖ ਕੇ ਬਹੁਤ ਕੁਝ ਸਿੱਖਣ ਨੂੰ ਵੀ ਮਿਲ ਜਾਂਦਾ ਹੈ। ਕਈ ਲੋਕ ਰੀਲਾਂ ਬਣਾ ਕੇ ਬਹੁਤ ਸਾਰੇ ਪੈਸੇ ਵੀ ਕਮਾ ਰਹੇ ਹਨ। ਅਗਰ ਕਿਸੇ ਦਾ ਕੰਟੈਂਟ ਭਾਵ ਸਮੱਗਰੀ ਵਧੀਆ ਹੈ ਉਸ ਵਿੱਚ ਚੰਗੇ ਵਿਚਾਰਾਂ ਦੀ ਪੇਸ਼ਕਾਰੀ ਕੀਤੀ ਜਾਂਦੀ ਹੈ ਜਾਂ ਲੋਕਾਂ ਦੇ ਮਨੋਰੰਜਨ ਲਈ ਸਾਫ਼ ਸੁਥਰੇ ਮਨੋਭਾਵ ਪ੍ਰਗਟ ਕੀਤੇ ਜਾਂਦੇ ਹਨ ਤਾਂ ਉਹ ਵੇਖਣ ਵਾਲਿਆਂ ਲਈ ਵੀ ਮਨੋਰੰਜਨ ਭਰਪੂਰ ਅਤੇ ਸਿੱਖਿਆਦਾਇਕ ਹੁੰਦੀਆਂ ਹਨ। ਅੱਜ ਸਾਡੇ ਦੇਸ਼ ਵਿੱਚ ਲੋਕਾਂ ਉੱਤੇ ਰੀਲਾਂ ਬਣਾਉਣ ਦਾ ਭੂਤ ਇਸ ਕਦਰ ਸਵਾਰ ਹੈ ਕਿ ਉਹ ਹਰ ਜਗ੍ਹਾ ਤੇ ਰੀਲਾਂ ਬਣਾਉਂਦੇ ਦਿਖਾਈ ਦਿੰਦੇ ਹਨ। ਚਾਹੇ ਕੋਈ ਕਿਤੇ ਘੁੰਮਣ ਗਿਆ ਹੋਵੇ, ਖ਼ੁਸ਼ੀ ਦੇ ਮੌਕੇ ਦੀਆਂ, ਇੱਥੋਂ ਤੱਕ ਕਿ ਆਪਣੇ ਕਿਸੇ ਸਕੇ ਸਬੰਧੀਆਂ ਦੀ ਮੌਤ, ਅੰਤਿਮ ਸੰਸਕਾਰ ਆਦਿ ਦੀਆਂ ਰੀਲਾਂ ਵੀ ਬਣਾਉਂਦੇ ਹਨ। ਕੋਈ ਸੋਚਣ ਵਾਲਾ ਹੋਵੇ ਕਿ ਉਹ ਮੌਕਾ ਕੋਈ ਰੀਲਾਂ ਬਣਾਉਣ ਦਾ ਹੁੰਦਾ ਹੈ? ਕਈ ਲੋਕ ਸੜਕਾਂ ਤੇ ਜਾਂਦੇ ਜਾਂਦੇ,ਰੇਲ ਵਿੱਚ ਸਫ਼ਰ ਕਰਦੇ ਕਰਦੇ ਜਾਂ ਰੇਲਾਂ ਦੀਆਂ ਪਟੜੀਆਂ ਤੇ ਬੈਠ ਕੇ, ਪਹਾੜਾਂ ਵਿੱਚ ਖ਼ਤਰਨਾਕ ਜਗ੍ਹਾ ਤੇ ਖੜ੍ਹ ਕੇ ਜਾਂ ਨੌਜਵਾਨ ਹੁੱਲੜਬਾਜੀਆਂ ਕਰਦੇ ਹੋਏ ਰੀਲਾਂ ਬਣਾਉਂਦੇ ਹੋਏ ਆਪਣੀ ਜਾਨ ਵੀ ਗਵਾ ਬੈਠਦੇ ਹਨ ਜਾਂ ਕੋਈ ਹੋਰ ਭਾਣਾ ਵਰਤਾ ਬੈਠਦੇ ਹਨ। ਕਈ ਲੋਕ ਆਪਣੇ ਦਫ਼ਤਰੀ ਮਰਿਆਦਾ ਭੁੱਲ ਕੇ ਦਫਤਰਾਂ ਵਿੱਚ ਬੈਠੇ ਰੀਲਾਂ ਬਣਾਉਂਦੇ ਬਣਾਉਂਦੇ ਆਪਣੀ ਨੌਕਰੀ ਤੋਂ ਹੱਥ ਧੋ ਬੈਠਦੇ ਹਨ। ਅੱਜ ਕੱਲ੍ਹ ਤਾਂ ਭੋਲਾ ਭਾਲਾ ਬਚਪਨ ਵੀ ਰੀਲਾਂ ਦੇ ਚੱਕਰ ਵਿੱਚ ਗਵਾਚ ਗਿਆ ਹੈ। ਬਹੁਤ ਮਾਪੇ ਆਪਣੇ ਮਾਸੂਮਾਂ ਤੋਂ ਵੱਡਿਆਂ ਵਾਲ਼ੀਆਂ ਗੱਲਾਂ ਬੁਲਵਾ ਕੇ ਜਾਂ ਨੱਚਣ ਗਾਉਣ ਦੀਆਂ ਵੀਡੀਓਜ਼ ਬਣਾ ਕੇ ਰੀਲਾਂ ਪਾਉਂਦੇ ਹਨ ਤੇ ਬੱਚਿਆਂ ਦੇ ਬਚਪਨ ਵਾਲ਼ੀ ਮਾਸੂਮੀਅਤ ਉਹਨਾਂ ਦੇ ਮਾਪਿਆਂ ਦੇ ਫ਼ੋਨਾਂ ਵਿੱਚ ਕੈਦ ਹੋ ਰਹੀ ਹੈ। ਬਿਨਾਂ ਕਿਸੇ ਪ੍ਰਾਪਤੀ ਦੇ ਰੀਲਾਂ ਜ਼ਰੀਏ ਬਹੁਤ ਜਲਦੀ ਪ੍ਰਸਿੱਧੀ ਖੱਟਣ ਦੀ ਹੋੜ ਲੱਗੀ ਹੋਈ ਹੈ। ਰੀਲਾਂ ਦੇ ਵੀਊ ਵੇਖ ਵੇਖ ਖ਼ੁਸ਼ ਹੋਣਾ ਤੇ ਆਪਣੇ ਆਪ ਨੂੰ ਸੈਲੇਬ੍ਰਿਟੀ ਮਹਿਸੂਸ ਕਰਨਾ ਆਮ ਜਿਹੀ ਗੱਲ ਹੋ ਗਈ ਹੈ। ਕਈ ਪਤੀ ਪਤਨੀਆਂ ਦੇ ਜੋੜੇ ਘਟੀਆ ਕੰਟੈਂਟ ਦੀਆਂ ਰੀਲਾਂ ਬਣਾ ਕੇ ਪ੍ਰਸਿੱਧੀ ਹਾਸਲ ਕਰਦੇ ਵੀ ਵੇਖੇ ਜਾਂਦੇ ਹਨ। ਉਹਨਾਂ ਲੋਕਾਂ ਦਾ ਮਕਸਦ ਸਿਰਫ਼ ਵਿਊ ਵਧਾਉਣਾ ਅਤੇ ਜ਼ਿਆਦਾ ਕੁਮੈਂਟ ਹਾਸਲ ਕਰਨਾ ਹੁੰਦਾ ਹੈ ਚਾਹੇ ਉਸ ਵਿੱਚ ਉਹਨਾਂ ਨੂੰ ਗਾਲ਼ਾਂ ਹੀ ਕਿਉਂ ਨਾ ਕੱਢੀਆਂ ਹੋਣ।

ਰੀਲਾਂ ਬਣਾਉਣ ਨਾਲੋਂ ਜ਼ਿਆਦਾ ਰੀਲਾਂ ਵੇਖਣ ਦੀ ਸਥਿਤੀ ਜ਼ਿਆਦਾ ਹਾਨੀਕਾਰਕ ਸਿੱਧ ਹੋ ਰਹੀ ਹੈ। ਅੱਜ ਦੇ ਮਨੁੱਖ ਦੀ ਦਿਨ ਦੀ ਸ਼ੁਰੂਆਤ ਬਲਿਊ ਸਕ੍ਰੀਨ ਤੇ ਗੁੱਡ ਮੌਰਨਿੰਗ ਦੀਆਂ ਰੀਲਾਂ ਤੋਂ ਸ਼ੁਰੂ ਹੋ ਜਾਂਦੀ ਹੈ। ਹਰ ਕਿਸੇ ਦੀ ਜ਼ਿੰਦਗੀ ਇੱਕ ਦੂਜੇ ਨੂੰ ਰੀਲਾਂ ਭੇਜਣ ਤੋਂ ਲੈ ਕੇ ਰੀਲਾਂ ਖੋਲ੍ਹਣ ਤੱਕ ਉਲਝ ਕੇ ਰਹਿ ਗਈ ਹੈ। ਜਿਹੜਾ ਸਮਾਂ ਪਹਿਲਾਂ ਲੋਕ ਆਪਣੇ ਕੰਮਾਂ ਕਾਰਾਂ ਵਿੱਚ ਲਾ ਕੇ ਸਾਰਥਕ ਬਣਾਉਣਾ ਹੁੰਦੇ ਸਨ , ਘਰ ਦੀਆਂ ਜ਼ਿੰਮੇਵਾਰੀਆਂ ਨਿਭਾਉਂਦੇ ਹੋਏ, ਪਰਿਵਾਰਕ ਮੈਂਬਰ ਇਕੱਠੇ ਬੈਠ ਕੇ ਸਲਾਹ ਮਸ਼ਵਰਾ ਕਰਦੇ ਹੋਏ ਜਾਂ ਹੱਸਦੇ ਖੇਡਦੇ ਆਪਸੀ ਪਿਆਰ ਵਧਾਉਂਦੇ ਹੋਏ ਬਿਤਾਉਂਦੇ ਸਨ,ਉਹ ਸਭ ਕੁਝ ਅੱਜ ਰੀਲਾਂ ਦੀ ਭੇਂਟ ਚੜ੍ਹ ਰਿਹਾ ਹੈ। ਅੱਜ ਹਰ ਕੋਈ ਆਪਣੇ ਆਪਣੇ ਮੋਬਾਈਲ ਤੇ ਨਿਗ੍ਹਾ ਟਿਕਾਈ ਬੈਠਾ ਰੀਲਾਂ ਵਿੱਚ ਉਲਝਿਆ ਨਜ਼ਰ ਆਉਂਦਾ ਹੈ। ਜੋ ਕਿ ਮਾਨਸਿਕ ਬੀਮਾਰੀਆਂ ,ਡਿਪਰੈਸ਼ਨ, ਕਾਹਲਾਪਣ , ਗੁੱਸਾ, ਫਰਸਟ੍ਰੇਸ਼ਨ ਜਾਂ ਅੱਖਾਂ ਤੇ ਦਿਲ ਦੇ ਭਿਆਨਕ ਰੋਗਾਂ ਨੂੰ ਸੱਦਾ ਦੇ ਰਿਹਾ ਹੁੰਦਾ ਹੈ। ਹਰ ਵੇਲੇ ਰੀਲਾਂ ਬਣਾਉਣ ਅਤੇ ਵੇਖਣ ਵਿੱਚ ਰੁੱਝੇ ਰਹਿਣ ਵਾਲੇ ਲੋਕ ਸਮਾਂ ਬਰਬਾਦ ਕਰਨ ਦੇ ਨਾਲ ਨਾਲ ਸਿਹਤ ਦਾ ਨੁਕਸਾਨ ਵੀ ਕਰ ਰਹੇ ਹਨ। ਇਹ ਥੋੜ੍ਹ ਚਿਰੀ ਪ੍ਰਸਿੱਧੀ ਵੀ ਥੋੜ੍ਹ ਚਿਰੀ ਖ਼ੁਸ਼ੀ ਦਾ ਸਾਧਨ ਤਾਂ ਹੋ ਸਕਦੀ ਹੈ ਪਰ ਇਹ ਸਥਾਈ ਖ਼ੁਸ਼ੀ ਨਹੀਂ ਦੇ ਸਕਦੀ।

# ਸੁਚਮੁੱਚ, ਉਹ ਜ਼ਮਾਨੇ ਭਲੇ ਸੀ

ਬੀਬੀ ਦੱਸਦੀ ਸੀ ਕਿ ਜਦੋਂ ਮੇਰਾ ਜਨਮ ਹੋਇਆ ਸੀ ਤਾਂ ਮੇਰਾ ਨਾਮ ਅਵਤਾਰ ਸਿੰਘ ਰੱਖਿਆ । ਉਸ ਵੇਲੇ ਨਾ ਤਾਂ ਗੁਰਦੁਆਰਾ ਸਾਹਿਬ ਦੇ ਮੁੱਖਵਾਕ ਤੋਂ ਪਹਿਲਾ ਅੱਖਰ ਲੈ ਕੇ ਨਾਮ ਰੱਖਣ ਦਾ ਰਿਵਾਜ ਸੀ ਤੇ ਨਾ ਹੀ ਕਿਸੇ ਵਿਸ਼ੇਸ਼ ਉਚੇਚ ਦੀ ਪਾਲਣਾ ਕੀਤੀ ਜਾਂਦੀ ਸੀ । ਸੱਚ ਪੁੱਛੋ ਤਾਂ ਮੇਰੇ ਅਨਪੜ੍ਹ ਕਿਰਤੀ ਮਾਪਿਆਂ ਨੂੰ ਇਸ ਸਬੰਧੀ ਕੋਈ ਵੱਖਰੀ ਸੂਝ-ਬੂਝ ਵੀ ਨਹੀਂ ਸੀ । ਸੋ, ਸਾਦਗੀ ਨਾਲ ਨਾਮ ਰੱਖ ਦਿੱਤਾ ਗਿਆ। ਹੋ ਸਕਦਾ ਹੈ ਚੌਕੀਦਾਰ ਵਾਲੀ ਪੱਤਰੀ ਵਿੱਚ ਵੀ ਇਹੀ ਨਾਮ ਦਰਜ ਹੋਇਆ ਹੋਵੇ । ਇੱਕ ਦਿਨ ਜਦੋਂ ਮੈਂ ਆਪਣੀ ਬੀਬੀ ਨਾਲ ਕੱਖ ਖੋਤਣ ਲਈ ਜਾ ਰਿਹਾ ਸੀ ਕਿ ਰਸਤੇ ਵਿੱਚ ਖੱਟੀ ਪੱਗ ਵਾਲੇ ਮਾਸਟਰ ਜੀ ਮਿਲ ਪਏ । ਬੀਬੀ ਨੇ ਸਤਿਕ-ਾਰ ਨਾਲ ਸਤ ਸ੍ਰੀ ਅਕਾਲ ਬੁਲਾਈ ਤੇ ਕਿਹਾ "ਮਾਹਟਰ ਜੀ, ਮੇਰੇ ਮੁੰਡੇ ਨੂੰ ਹੁਣ ਸਕੂਲ ਦਾਖਲਾ ਕਰਾ ਦਿਓ... ਆਹ ਵਿਸਾਖੀ ਤੱਕ ਏਹ ਸੱਤ ਸਾਲਾਂ ਦਾ ਹੋਜੂ ।"

ਮਾਸਟਰ ਜੀ ਨੇ ਸਹਿਜਤਾ ਨਾਲ ਕਿਹਾ,"ਕੋਈ ਗੱਲ ਨਹੀਂ, ਕੱਲ੍ਹ ਕਾਕੇ ਨੂੰ ਲੈ ਕੇ ਸਕੂਲ ਆ ਜਾਵੀਂ ।"

ਅਗਲੇ ਦਿਨ ਬੀਬੀ ਮੈਨੂੰ ਨਾਲ ਲੈ ਕੇ ਸਕੂਲ ਪਹੁੰਚ ਗਈ । ਮਾਸਟਰ ਜੀ ਨੇ ਖੜੀ ਖਲੋਤੀ ਬੀਬੀ ਨੂੰ ਪੁੱਛਿਆ,"ਭਾਈ, ਇਸਦਾ ਕੀ ਨਾਂਅ ਹੈ ?"

ਬੀਬੀ ਨੇ ਜਵਾਬ ਦਿੱਤਾ,"ਅਵਤਾਰ ਸਿੰਘ ਰੱਖਿਆ ਜੀ ।"

ਮਾਸਟਰ ਜੀ ਨੇ ਪਹਿਲੀ ਕਲਾਸ ਦਾ ਰਜਿਸਟਰ ਵੇਖਿਆ ਤੇ ਕਹਿਣ ਲੱਗੇ, "ਭਾਈ, ਪਹਿਲਾਂ ਹੀ ਦੋ ਹੋਰ ਅਵਤਾਰ ਹਨ । ਐਵੇਂ ਭੁਲੇਖਾ ਪੈਂਦਾ ਰਹੂ... ਕੋਈ ਹੋਰ ਮਿਲਦਾ ਜੁਲਦਾ ਨਾਮ ਰੱਖ ਲਵੋ ।"

ਅੱਜ ਦੇ ਸਮੇਂ ਵਿੱਚ ਹੁੰਦਾ ਤਾਂ ਸ਼ਾਇਦ ਮਾਸਟਰ ਜੀ ਇਹ ਗੱਲ ਕਹਿਣ ਦੀ ਹਿੰਮਤ ਨਾ ਕਰਦੇ, ਤੇ ਜੇ ਕਹਿ ਵੀ ਦਿੰਦੇ ਤਾਂ ਮਾਪੇ ਮੰਨਣ ਵਾਲੇ ਨਹੀਂ ਸੀ । ਪਰ ਉਹ ਹੋਰ ਹੀ ਜ਼ਮਾਨਾ ਸੀ । ਬੀਬੀ ਕੁਝ ਸਮਾਂ ਚੁੱਪ ਰਹੀ । ਬੀਬੀ ਨੂੰ ਕੱਖ ਖੋਤਣ ਜਾਣ ਦੀ ਕਾਹਲ਼ੀ ਸੀ । ਘਰ ਖੁਰਲੀ ਖੜੀਆਂ ਅਧਿਆਰੇ ਤੇ ਲਈਆਂ ਤਿੰਨ ਮੱਝਾਂ ਦਾ ਢਿੱਡ ਜੋ ਭਰਨਾ ਸੀ। ਏਧਰ ਮਾਸਟਰ ਜੀ ਨੇ ਬੀਬੀ ਨੂੰ ਹੋਰ ਚੱਕਰਾਂ ਵਿੱਚ ਪਾ ਦਿੱਤਾ ਸੀ । ਰੰਬਾ ਦਾਤੀ ਬਾਹਰ ਸਕੂਲ ਦੇ ਗੇਟ ਤੇ ਪਿਆ ਬੀਬੀ ਦੀ ਉਡੀਕ ਕਰ ਰਿਹਾ ਸੀ।



ਮਾਸਟਰ ਚੰਗਾ ਸੀ । ਵਿਹੜੇਓਂ ਹੀ ਰੱਤੇ ਕੇ ਲਾਣੇ ਦਾ ਰਿਸ਼ਤੇਦਾਰ ਸੀ । ਉਹ ਪੀਲ਼ੇ ਰੰਗ ਦੀ ਪੱਗ ਬੰਨ੍ਹਦਾ ਸੀ । ਪਰ ਸਾਰੇ ਪਿੰਡ ਵਾਲੇ ਉਸਨੂੰ ਖੱਟੀ ਪੱਗ ਵਾਲਾ ਮਾਸਟਰ ਹੀ ਕਹਿੰਦੇ ਸਨ। ਬੀਬੀ ਨੂੰ ਸ਼ਸ਼ੋਪੰਜ ਵਿੱਚ ਪਈ ਦੇਖ ਕੇ ਮਾਸਟਰ ਜੀ ਨੇ ਆਪ ਹੀ ਕਿਹਾ, "ਅਵਤਾਰ ਨਹੀਂ ਤਾਂ ਜਗਤਾਰ ਰੱਖ ਲਵੋ ।"

ਬੀਬੀ ਨੇ ਬਿਨਾਂ ਕਿਸੇ ਸੋਚ-ਵਿਚਾਰ ਦੇ ਤੁਰੰਤ ਸਹਿਮਤੀ ਲਿਆ,"ਮਾਹਟਰ ਜੀ, ਜਗਤਾਰ ਲਿਖ ਲਵੋ... ਪੜ੍ਹਨਾ ਤਾਂ ਏਹਨੇ ਆ, ਨਾਂਅ ਨੇ ਤਾਂ ਨੀਂ ।" ਇਸ ਤਰ੍ਹਾਂ ਮੇਰਾ ਨਾਮ ਅਵਤਾਰ ਤੋਂ ਜਗਤਾਰ ਹੋ ਗਿਆ । ਜਾਣੀਕਿ ਅਵਤਾਰ ਧਾਰਨ ਤੋਂ ਜਗ ਤਾਰਨ ਤੱਕ ਸਫ਼ਰ ਸਹਿਜ ਹੀ ਹੋ ਗਿਆ । ਬੀਬੀ ਨੂੰ ਚੱਕਟਵਿਊ ਛੁਟਕਾਰਾ ਮਿਲ ਗਿਆ ਸੀ। ਮੇਰਾ ਜਗਤਾਰ ਸਿੰਘ ਦੇ ਨਾਮ ਤੇ ਦਾਖਲਾ ਹੋ ਗਿਆ ਸੀ । ਘਰ ਵਿੱਚ ਅਵਤਾਰ ਦੀ ਬਜਾਏ ਜਗਤਾਰ-ਜਗਤਾਰ ਹੋਣੀ ਸ਼ੁਰੂ ਹੋ ਗਈ।

ਅੱਜ ਜਦੋਂ ਸੋਚਦਾ ਹਾਂ ਤਾਂ ਹੈਰਾਨੀ ਹੁੰਦੀ ਹੈ । ਹੁਣ ਕਿਸੇ ਬੱਚੇ ਦਾ ਨਾਮ ਰੱਖਣਾ ਹੋਵੇ ਤਾਂ ਸਾਰਾ ਪਰਿਵਾਰ ਸਲਾਹੀਂ ਪਿਆ ਰਹਿੰਦਾ ਹੈ। ਨਾਵਾਂ ਦੀਆਂ ਡਿਕਸ਼ਨਰੀਆਂ ਫਰੋਲੀਆਂ ਜਾਂਦੀਆਂ ਹਨ, ਪੰਡਤਾਂ ਕੋਲ ਜਾ ਕੇ ਅੱਖਰ ਲਏ ਜਾਂਦੇ ਹਨ । ਰਿਸ਼ਤੇਦਾਰਾਂ ਤੋਂ ਵੀ ਨਾਵਾਂ ਦੇ ਮਸ਼ਵਰੇ ਲਏ ਜਾਂਦੇ ਹਨ । ...ਇੱਕ ਵਾਰ ਨਾਮ ਰੱਖ ਦਿੱਤਾ ਜਾਵੇ, ਫਿਰ ਉਸਨੂੰ ਬਦਲਣਾ ਤਾਂ ਲਗਭਗ ਅਸੰਭਵ ਹੋ ਜਾਂਦਾ ਹੈ। ਜੇ ਨਾਮ ਵਿੱਚ ਕਿਸੇ ਅੱਖਰ ਦੀ ਵੀ ਸੋਧ ਕਰਨੀ ਪੈ ਜਾਵੇ, ਤਾਂ ਜੁੱਤੀਆਂ ਘੱਸ ਜਾਂਦੀਆਂ ਹਨ । ਸੱਚ ਪੁੱਛੋ ਤਾਂ ਉਹ ਜ਼ਮਾਨੇ ਵਾਕਈ ਭਲੇ ਸੀ—ਜਿੱਥੇ ਸਾਦਗੀ ਸੀ, ਭਰੋਸਾ ਸੀ, ਤੇ ਸਭ ਤੋਂ ਵੱਡੀ ਗੱਲ, ਨਾਂਅ ਤੋਂ ਵੱਧ ਪੜ੍ਹਾਈ ਦੀ ਕਦਰ ਸੀ ।



**ਜਗਤਾਰ ਸਿੰਘ ਹਿੱਸੋਵਾਲ**
**9878330324**

# ਦੋ ਮਿੰਨੀ ਕਹਾਣੀਆਂ "ਸ਼ੋਰ" ਅਤੇ "ਬਦਲਾਅ"

## ਸ਼ੋਰ

ਰਾਮਰੱਖੇ ਦਾ ਇਕਲੌਤਾ ਪੁੱਤਰ ਤੇ ਨੂੰਹ ਵਿਦੇਸ਼ ਵਿੱਚ ਰਹਿੰਦੇ ਸਨ ਤੇ ਉਹ ਆਪਣੇ ਘਰ ਵਿੱਚ ਇਕੱਲਾ ਹੀ ਰਹਿੰਦਾ ਸੀ। ਬੁਢਾਪੇ ਕਾਰਨ ਰਾਮਰੱਖੇ ਨੂੰ ਕਈ ਬੀਮਾਰੀਆਂ ਨੇ ਘੇਰਾ ਪਾਇਆ ਹੋਇਆ ਸੀ। ਉਹ ਰਾਤ ਨੂੰ ਦਵਾਈ ਲੈ ਕੇ ਸੌਂ ਜਾਂਦਾ ਸੀ ਤਾਂ ਸਵੇਰ ਨੂੰ ਸਰੀਰ ਹਲਕਾ ਹਲਕਾ ਮਹਿਸੂਸ ਹੁੰਦਾ ਸੀ। ਫਿਰ ਧਰਮ ਕਰਮ ਦੇ ਕੰਮਾਂ ਵਿੱਚ ਉਸ ਦਾ ਸਾਰਾ ਦਿਨ ਲੰਘ ਜਾਂਦਾ ਸੀ। ਉਸ ਨੂੰ ਕੁਦਰਤ ਨਾਲ ਬਹੁਤ ਪਿਆਰ ਸੀ।ਘਰ ਵਿੱਚ ਛੋਟੀ ਜਿਹੀ ਬਗੀਚੀ ਦੀ ਦੇਖਭਾਲ ਕਰਦਾ ਤਾਂ ਨਵੇਂ ਖਿੜਦੇ ਫੁੱਲਾਂ ਨੂੰ ਤੱਕ ਕੇ ਉਸ ਦੀ ਰੂਹ ਖਿੜੀ ਖਿੜੀ ਰਹਿੰਦੀ।ਉਹ ਸਵੇਰੇ ਸਵੇਰੇ ਪੰਛੀਆਂ ਨੂੰ ਚੋਗਾ ਪਾਉਂਦਾ ਤਾਂ ਤੜਕੇ ਤੜਕੇ ਚਿੜੀਆਂ ਦੀ ਚੀਂ ਚੀਂ ਉਸ ਨੂੰ ਮਧੁਰ ਸੰਗੀਤ ਵਰਗੀ ਲੱਗਦੀ,ਜਦ ਅਵਾਰਾ ਕੁੱਤਿਆਂ ਨੂੰ ਰੋਟੀ ਪਾਉਂਦਾ ਤਾਂ ਉਹ ਉਸ ਨੂੰ ਸਬਰ ਸੰਤੋਖ ਦੀਆਂ ਮੂਰਤੀਆਂ ਜਾਪਦੇ।ਇਸ ਤਰ੍ਹਾਂ ਕਰਨ ਨਾਲ ਉਸ ਦੇ ਮਨ ਨੂੰ ਸੰਤੁਸ਼ਟੀ ਮਿਲਦੀ ਤੇ ਉਸ ਦੇ ਅੱਧੇ ਰੋਗ ਦੂਰ ਹੋ ਜਾਂਦੇ।

ਅੱਜ ਦੀਵਾਲੀ ਹੋਣ ਕਰਕੇ ਸ਼ਾਮ ਹੁੰਦੇ ਹੀ ਪਟਾਕਿਆਂ ਦੀ ਅਵਾਜ਼ ਆਉਣੀ ਸ਼ੁਰੂ ਹੋ ਗਈ ਸੀ।ਉਸ ਨੂੰ ਪਤਾ ਸੀ ਕਿ ਸਰਕਾਰੀ ਹੁਕਮਾਂ ਅਨੁਸਾਰ ਲੋਕਾਂ ਨੂੰ ਦਸ ਵਜੇ ਤੱਕ ਪਟਾਖੇ ਚਲਾਉਣ ਲਈ ਇਜਾਜ਼ਤ ਦਿੱਤੀ ਗਈ ਸੀ ਇਸ ਕਰਕੇ ਉਸ ਨੇ ਅੱਜ ਰਾਤ ਨੂੰ ਦਸ ਵਜੇ ਤੋਂ ਬਾਅਦ ਸੌਣ ਲਈ ਸੋਚਿਆ ਸੀ। ਪਰ ਸਾਡੇ ਦੇਸ਼ ਵਿੱਚ ਤਾਂ ਸਰਕਾਰੀ ਆਦੇਸ਼ਾਂ ਦੀ ਉਲੰਘਣਾ ਕਰਕੇ ਕਾਨੂੰਨ ਦੀਆਂ ਧੱਜੀਆਂ ਉਡਾਈਆਂ ਜਾਂਦੀਆਂ ਹਨ। ਰਾਮਰੱਖੇ ਦੇ ਗੁਆਂਢੀ ਆਪਣੇ ਬੱਚਿਆਂ ਅਤੇ ਉਹਨਾਂ ਦੇ ਦੋਸਤਾਂ ਨੂੰ ਇਕੱਠੇ ਕਰਕੇ ਰਾਤ ਗਿਆਰਾਂ ਕੁ ਵਜੇ ਉੱਚੀ ਉੱਚੀ ਗੀਤ ਚਲਾ ਕੇ ਵੱਡੇ ਵੱਡੇ ਪਟਾਕੇ ਚਲਾਉਣ ਲੱਗੇ ਤੇ ਹੁੱਲੜਬਾਜ਼ੀ ਕਰਦੇ ਰਹੇ। ਉਹਨਾਂ ਦਾ ਇਹ ਜਸ਼ਨ ਲਗਭਗ ਰਾਤ ਨੂੰ ਦੋ ਢਾਈ ਵਜੇ ਤੱਕ ਚਲਦਾ ਰਿਹਾ। ਸ਼ੋਰ ਕਾਰਨ ਰਾਮਰੱਖੇ ਨੇ ਸਾਰੀ ਰਾਤ ਬੇਅਰਾਮੀ ਵਿੱਚ ਹੀ ਕੱਟੀ। ਸਵੇਰੇ ਉੱਠ ਕੇ ਵੀ ਉਸ ਨੇ ਆਪਣੇ ਕੰਮ ਬੇਅਰਾਮੀ ਜਿਹੀ ਵਿੱਚ ਹੀ ਕੀਤੇ। ਵਾਰ ਵਾਰ ਉਸ ਨੂੰ ਖੰਘ ਛਿੜ ਰਹੀ ਸੀ। ਸਵੇਰੇ ਦਸ ਕੁ ਵਜੇ ਅਚਾਨਕ ਕੁੱਤਿਆਂ ਦੇ ਭੌਂਕਣ ਦੀ ਅਵਾਜ਼ ਆਈ ਤਾਂ ਗੁਆਂਢੀਆਂ ਦਾ ਮੁੰਡਾ ਉੱਪਰੋਂ ਬਾਲਕੋਨੀ ਵਿੱਚੋਂ ਹੀ ਕੁੱਤਿਆਂ ਨੂੰ ਦਬਕਾ ਦੇ ਕੇ ਭਜਾਉਂਦਾ ਹੋਇਆ ਬੋਲਿਆ," ਸਵੇਰੇ ਸਵੇਰੇ...ਇਹਨਾਂ ਲੋਕਾਂ ਨੇ ਸਾਡਾ ਸੌਣਾ ਹਰਾਮ ਕੀਤਾ ਹੋਇਆ ਹੈ.... ਕਦੇ ਬੁੱਢਾ ਖੰਘਣ ਲੱਗਦਾ ਹੈ ਤੇ ਕਦੇ ਕੁੱਤੇ ਭੌਂਕਣ ਲੱਗਦੇ ਹਨ..... ਇਹਨਾਂ ਲੋਕਾਂ ਨੇ ਸ਼ੋਰ ਮਚਾ ਰੱਖਿਆ ਹੈ....!" ਕਹਿ ਕੇ ਨੀਂਦ ਨਾਲ ਭਰੀਆਂ ਅੱਖਾਂ ਮਲ਼ਦਾ ਹੋਇਆ ਆਪਣੇ ਬੈੱਡਰੂਮ ਵਿੱਚ ਚਲਾ ਗਿਆ।

## ਬਦਲਾਅ

ਮੈਂ ਕਿਤੇ ਕੰਮ ਜਾ ਰਹੀ ਸੀ ਕਿ ਰਸਤੇ ਵਿੱਚ ਸੜਕ ਉੱਤੇ ਧਰਨਾ ਲੱਗਿਆ ਹੋਇਆ ਸੀ। ਕੁਝ ਨੌਜਵਾਨ ਗੱਡੀਆਂ ਨੂੰ ਪਿੱਛੇ ਹੀ ਰੋਕ ਕੇ ਕਹਿ ਰਹੇ ਸਨ ਕਿ ਅੱਗੇ ਧਰਨੇ ਕਰਕੇ ਸੜਕ ਬੰਦ ਹੈ। ਇਸ ਲਈ ਉਹ ਲੋਕਾਂ ਨੂੰ ਕੱਚਾ ਰਸਤਾ ਵਿਖਾ ਕੇ ਉਧਰੋਂ ਦੀ ਜਾਣ ਲਈ ਆਖ ਰਹੇ ਸਨ ਤਾਂ ਕਿ ਉਹਨਾਂ ਨੂੰ ਪ੍ਰੇਸ਼ਾਨ ਨਾ ਹੋਣਾ ਪਵੇ। ਮੈਂ ਉੱਤਰ ਕੇ ਨੌਜਵਾਨਾਂ ਨੂੰ ਪੁੱਛਿਆ," ਬੇਟਾ! ਤੁਸੀਂ ਇਹ ਧਰਨਾ ਕਿਉਂ ਲਗਾਇਆ ਹੈ...? "

ਉਹਨਾਂ ਨੇ ਉੱਤਰ ਦਿੱਤਾ," ਜੀ... ਅਸੀਂ.... ਕੁਛ ਪਿੰਡਾਂ ਦੇ ਨੌਜਵਾਨਾਂ ਨੇ ਨਸ਼ਿਆਂ ਵਿਰੁੱਧ ਜਾਗਰੂਕਤਾ ਮੁਹਿੰਮ ਚਲਾਈ ਹੈ.... ਨਸ਼ਿਆਂ ਦੇ ਵਪਾਰੀਆਂ ਅਤੇ ਸਰਕਾਰਾਂ ਦੇ ਕੰਨਾਂ ਤੱਕ ਆਪਣੀ ਅਵਾਜ਼ ਪਹੁੰਚਾਉਣ ਲਈ ਇਹ ਧਰਨਾ ਲਗਾਇਆ ਹੈ....!" ਮੈਂ ਨੌਜਵਾਨਾਂ ਦੇ ਮੂੰਹੋਂ ਇਹ ਸਭ ਸੁਣ ਕੇ ਗਦ ਗਦ ਹੋ ਉੱਠੀ ਤੇ ਸੋਚਿਆ ਕਿ ਅਗਰ ਸਾਡੀ ਨੌਜਵਾਨ ਪੀੜ੍ਹੀ ਹੀ ਜਾਗਰੂਕ ਹੋ ਗਈ ਹੈ ਤਾਂ ਲੋਕਾਂ ਦੀ ਸੋਚ ਵਿੱਚ ਬਦਲਾਅ ਜ਼ਰੂਰ ਆਵੇਗਾ।

ਮੈਂ ਜਿਵੇਂ ਹੀ ਗੱਡੀ ਕੱਚੇ ਵੱਲ ਨੂੰ ਮੋੜੀ ਤਾਂ ਝਾੜੀਆਂ ਓਹਲੇ ਖੜ੍ਹੇ ਦੋ ਨੌਜਵਾਨ ਜਰਦਾ ਲਾ ਰਹੇ ਸਨ ਤੇ ਆਪਣੇ ਸਾਥੀਆਂ ਨੂੰ ਫ਼ੋਨ ਕਰਕੇ ਆਖ ਰਹੇ ਸਨ,"..... ਯਾਰ.... ਧਰਨੇ ਤੇ ਬੈਠਿਆਂ ਦੀ ਸਵੇਰ ਦੀ ਪਿੱਠ ਆਕੜੀ ਪਈ ਸੀ.... ਹੁਣ ਤਾਂ ਮੀਡੀਆ ਵਾਲੇ ਫੋਟੋਆਂ ਖਿੱਚ ਕੇ ਚਲੇ ਗਏ ਨੇ..... ਹੁਣ ਆਪਾਂ ਵਿਹਲੇ ਈ ਆਂ.....ਅਸੀਂ ਏਧਰ ਮਾਲ ਪਾਣੀ ਦਾ ਇੰਤਜ਼ਾਮ ਕਰਨ ਆਏ ਸੀ.... ਤੁਸੀਂ ਵੀ ਦੋ ਦੋ ਜਾਣੇ ਬਦਲ ਬਦਲ ਕੇ ਆਈ ਜਾਓ... ਐਥੇ ਮਾਲ ਪਾਣੀ ਵਾਧੂ ਆ....!"

ਇਹ ਸਭ ਸੁਣ ਕੇ ਮੈਂ ਸੁੰਨ ਜਿਹੀ ਹੋ ਗਈ ਸੀ ਤੇ ਮੈਨੂੰ ਸਮਝ ਨਹੀਂ ਆ ਰਹੀ ਸੀ ਕਿ ਇਹ ਕਿਹੋ ਜਿਹਾ ਬਦਲਾਅ ਹੋ ਰਿਹਾ ਹੈ।

**ਬਰਜਿੰਦਰ ਕੌਰ ਬਿਸਰਾਓ...**
**99889-01324**

Samaj Weekly
# ਸਮਾਜ ਵੀਕਲੀ
Punjabi, Hindi & English Newspaper - UK & EU Edition

## ਸਾਡੇ DIGITAL MEDIA ਨਾਲ ਜੁੜੋ

ਸਾਨੂੰ ਫੇਸਬੁੱਕ ਤੇ ਲਾਇਕ ਕਰੋ

facebook
samajweekly

ਸਾਨੂੰ ਐਕਸ ਤੇ ਫੌਲੋ ਕਰੋ

X
@samajweekly

ਸਾਡੇ ਵਟਸਅੱਪ ਨਾਲ ਜੁੜੋ ਅਤੇ ਪਾਓ ਸਾਹਿਤ ਜਗਤ ਅਤੇ ਦੇਸ਼ ਦੁਨੀਆ ਨਾਲ ਜੁੜੀਆਂ ਬੇਹਤਰੀਨ ਖਬਰਾਂ




ਨਾਲ ਹੀ ਪਾਓ ਸਮਾਜ ਵੀਕਲੀ ਅਖਬਾਰ ਦਾ ਰੋਜਾਨਾ PDF ਉਹ ਵੀ ਬਿਲਕੁਲ ਮੁੱਫਤ

ਅਖਬਾਰ ਵਿੱਚ ਇਸ਼ਤਿਹਾਰ ਦੇਣ ਲਈ ਅਤੇ ਵੈਬਸਾਈਟ ਤੇ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ।

+44 7878 456484
email:-Samajweekly@gmail.com